# 4. ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਦੇ ਸਮਕਾਲੀ ਸੂਫ਼ੀ ਅਤੇ ਸੰਤਾਂ ਦਾ ਸੰਗੀਤਕ ਅਧਿਐਨ

ਪਰੰਪਰਾਗਤ ਤੱਤਾਂ ਨੂੰ ਆਪਣੇ ਵਿਚ ਪਰੋਈ ਭਗਤੀ ਅੰਦੋਲਨ ਦੇ ਸਮਕਾਲੀ ਸੂਫ਼ੀ-ਸੰਤਾਂ ਦਾ ਸੰਗੀਤਕ ਕਾਵਿ ਸਮੇਂ ਦੇ ਅਨੁਸਾਰ ਵੱਖ-ਵੱਖ ਸੰਪ੍ਰਦਾਵਾਂ ਦੇ ਰੂਪ ਵਿਚ ਸਮੇਂ ਦਾ ਹਮਰਾਹੀ ਬਣਿਆ। ਭਗਤੀ ਅੰਦੋਲਨ ਕਾਲ ਵਿਚ ਸਰਗੁਣ ਤੇ ਨਿਰਗੁਣ ਸਮਕਾਲੀ ਭਗਤੀ ਧਾਰਾਵਾਂ ਨੇ ਸੰਗੀਤਕ ਕਾਵਿ ਰਾਹੀਂ ਵੱਖ-ਵੱਖ ਸੰਪਰਦਾਵਾਂ ਨੇ ਆਪਣੇ ਇਸ਼ਟ ਦੀ ਆਰਾਧਨਾ ਕੀਤੀ। ਸੰਤ-ਸੂਫ਼ੀ ਸੰਗੀਤਕ ਕਾਵਿ ਦ੍ਰਿਸ਼ਟੀ ਤੋਂ ਹਰੇਕ ਪਰੰਪਰਾ ਆਪਣਾ ਸੁਤੰਤਰ ਅਸਤਿਤਵ ਰਖਦੀ ਹੈ। ਸੁਤੰਤਰ ਅਸਤਿਤਵ ਰੱਖਦੇ ਹੋਏ ਵੀ ਸਾਰੀਆਂ ਸੰਪ੍ਰਦਾਵਾਂ ਦਾ ਮੂਲ ਉਦੇਸ਼ ਇਕ ਹੀ ਇਸ਼ਟ ਦੀ ਭਗਤੀ ਅਤੇ ਉਪਾਸਨਾ ਹੀ ਰਿਹਾ। ਸੂਫ਼ੀਆਂ ਅਤੇ ਭਗਤੀ ਮਾਰਗੀ ਸੰਤਾਂ ਦੇ ਸਾਧਨਾ ਭੇਦ ਹੋਣ ਤੇ ਵੀ ਲਕਸ਼ ਇਕ ਹੀ ਈਸ਼ਵਰ ਜਾਂ ਰੱਬ ਦੇ ਸੰਕਲਪ ਨੂੰ ਸਾਰੀਆਂ ਹੀ ਸੰਪ੍ਰਦਾਵਾਂ ਨੇ ਕਬੂਲਿਆ, ਜੋ ਕਿ ਸਿਰਜਣਹਾਰ ਤੇ ਪਾਲਣਹਾਰ ਹੈ। ਅਸਲ ਵਿਚ ਭਗਤ ਅਧਿਆਤਮਿਕ ਪਰੰਪਰਾਵਾਂ ਨੂੰ ਸੰਕੀਰਨ ਅਤੇ ਸੰਪਰਦਾਇਕ ਨਜ਼ਰੀਏ ਨਾਲ ਨਹੀਂ ਵੇਖਦੇ ਬਲਕਿ ਇਹਨਾਂ ਦਾ ਉਦੇਸ਼ ਰੂਹਾਨੀ ਮੰਜ਼ਿਲ ਤਕ ਪਹੁੰਚ ਕਰਨਾ ਸੀ। ਇਸੇ ਲਈ ਹੀ ਭਗਤੀ ਅੰਦੋਲਨ ਦੇ ਸੂਫ਼ੀ ਸੰਤਾਂ ਨੇ ਹਰੇਕ ਧਰਮ ਦੀਆਂ ਜ਼ਾਹਰੀ ਰਸਮਾਂ ਦਾ ਖੰਡਨ ਕਰਦੇ ਹੋਏ ਰੂਹਾਨੀਅਤ ਅਨੁਭੂਤੀ ਲਈ ਸੁਲਾਕੁਲ ਸਿਧਾਂਤ ਨੂੰ ਆਪਣੇ ਸੰਗੀਤਕ ਕਾਵਿ ਰਾਹੀਂ ਉਜਾਗਰ ਕੀਤਾ।

ਸੰਪਰਦਾਵਾਂ ਦੀ ਭਿੰਨਤਾ ਦੇ ਬਾਵਜੂਦ ਸੰਗੀਤਕ ਕਾਵਿ ਦਾ ਲਕਸ਼ ਪ੍ਰਮਾਤਮਾ ਨਾਲ ਹੀ ਇਕਸੁਰਤਾ ਸਥਾਪਿਤ ਕਰਨਾ ਸੀ। ਭਾਵੇਂ ਭੌਤਿਕ ਅੱਖਾਂ ਨਾਲ ਪ੍ਰਭੂ, ਅੱਲਾ, ਰਾਮ, ਰਹੀਮ ਸਭ ਭਿੰਨ-ਭਿੰਨ ਜਾਪਦੇ ਹਨ ਪ੍ਰੰਤੂ ਵਾਸਤਵ ਵਿਚ ਇਕ ਹੀ ਪਰਮ ਸੱਤ ਇਕਾਈ ਦਾ ਰੂਪ ਹਨ। ਜਿਸ ਤਰ੍ਹਾਂ ਪਾਣੀ ਦੀਆਂ ਲਹਿਰਾਂ ਨੂੰ ਪਾਣੀ ਤੋਂ ਵੱਖ ਨਹੀਂ ਵੇਖਿਆ ਜਾ ਸਕਦਾ। ਇਸੇ ਤਰ੍ਹਾਂ ਹੀ ਭਿੰਨ-ਭਿੰਨ ਰੂਪਾਂ ਦੇ ਬਾਵਜੂਦ ਪਰਮਪਿਤਾ ਇਕ ਸੱਚੀ ਤੇ ਅਟਲ ਵਾਸਤਵਿਕਤਾ ਹੈ, ਜਿਸ ਨੂੰ ਭਗਤ ਆਪਣੇ ਭਾਵ ਦੇ ਅਨੁਸਾਰ ਨਾਮ, ਰੂਪ ਦਿੰਦਾ ਹੈ। ਇਕ ਗੱਲ ਨੂੰ ਧਿਆਨ ਵਿਚ ਰਖਣਾ ਅਤਿਅੰਤ ਆਵਸ਼ਕ ਹੈ ਤੇ ਉਹ ਇਹ ਹੈ ਕਿ ਇਹ ਦਿਸਦਾ ਸੰਸਾਰ ਤੇ ਇਸ ਦੇ ਪਿੱਛੇ ਰੂਹਾਨੀ ਸੰਸਾਰ ਜੋ ਸਾਨੂੰ ਭੌਤਿਕ ਅੱਖਾਂ ਨਾਲ ਨਜ਼ਰ ਨਹੀਂ ਆਉਂਦਾ, ਦੋਵੇਂ ਇਤਨੇ ਵਿਸ਼ਾਲ ਤੇ ਵੰਨ-ਸਵੰਨੇ ਹਨ ਕਿ ਭਿੰਨ-ਭਿੰਨ ਰੂਪ ਨਜ਼ਰ ਆਉਂਦੇ ਹਨ। ਭਾਵੇਂ ਅੰਤ ਨੂੰ ਸਾਰੇ ਅਨੁਭਵ ਇਕ ਹੀ ਬਿੰਦੂ ਅਰਥਾਤ ਪਰਮਾਤਮਾ ਦੀ ਸੱਤਾ ਉੱਤੇ ਟਿਕਦੇ ਹਨ। ਪ੍ਰਭੂ ਦੀ ਸੱਤਾ ਅਨੰਤ ਹੈ, ਨਿੱਤ ਹੈ, ਅਬਿਨਾਸ਼ੀ ਹੈ, ਅਸੀਮ ਹੈ ਅਤੇ ਸਾਰੇ ਹੀ ਸਮਕਾਲੀ ਧਰਮਾਂ, ਜਾਤਾਂ, ਦੇਸਾਂ ਦੀ ਹੋਂਦ ਦਾ ਪਰਮ ਤਤ ਹੈ।

"ਭਾਵੇਂ ਸੰਸਾਰੀ ਆਲੋਚਨਾ ਨੇ ਭਗਤਾਂ ਦੀਆਂ ਧੁਨੀਆਂ ਨੂੰ ਕਈ 'ਮਤਾਂਤ' ਵਿਚ ਵੰਡ ਦਿੱਤਾ ਹੈ ਪਰ ਇਹ ਸਾਰੇ ਮਤਾਂਤ ਅਸਲ ਵਿਚ ਕੇਵਲ ਹਰਿਨਾਮ ਦੇ ਮਤਾਂਤ ਹਨ। ਜਿਨ੍ਹਾਂ ਕਾਵਿ ਧਾਰਾ ਜਾਂ ਬਾਣੀ ਧਾਰਾ ਨੂੰ ਅਸੀਂ ਸੂਫ਼ੀਮਤ, ਗੁਰਮਤਿ, ਭਗਤ ਮਤ, ਸਿਧਮਤ ਆਦਿ ਦਾ ਰਹਿਸਵਾਦ, ਅਧਿਆਤਮਵਾਦ ਤੇ ਕਈ ਹੋਰ ਵਾਦ ਕਹਿੰਦੇ ਹਾਂ, ਉਹ ਬੁਨਿਆਦ ਵਿਚ ਵੀ ਇਕ ਸਨ ਅਤੇ ਸਿਖਰ ਉਤੇ ਵੀ ਇਕ ਸਨ ਪਰ ਵਿਚਾਲੇ ਸਾਰਾ ਵਿਕਾਸ ਪੱਤੀਆਂ, ਫੁੱਲ, ਇੱਕੋ ਜਿਹੇ ਨਹੀਂ ਸਨ।"[1]

[1] ਸੀਤਲ, ਜੀਤ ਸਿੰਘ (ਡਾ.), ਸੂਫ਼ੀਮਤ ਅਤੇ ਕਵਿਤਾ, ਪੰਨਾ 88.

ਧਰਮ, ਜਾਤਾਂ-ਪਾਤਾਂ ਵਿਚ ਵੰਡੀ ਮਨੁਖਤਾ ਚਾਹੇ ਪ੍ਰਮਾਤਮਾ ਨੂੰ ਵੱਖ-ਵੱਖ ਨਾਮਾਂ ਦੁਆਰਾ ਜਪਦੀ ਹੈ ਜਾਂ ਧਿਆਨ ਧਰਦੀ ਹੈ ਪਰ ਬੁਨਿਆਦੀ ਤੌਰ ਤੇ ਸਾਰੇ ਇਕ ਹੀ ਰੂਹਾਨੀ ਰਹੱਸ ਦੀ ਅਨੁਭੂਤੀ ਲੱਭਦੇ ਹਨ। ਮੱਧਕਾਲ ਵਿਚ ਭਗਤੀ ਅੰਦੋਲਨ ਦੇ ਸਮੇਂ ਸਮਕਾਲੀ ਧਰਮਾਂ ਦਾ ਜੋ ਸਰੂਪ ਮੁੱਲਾਂ-ਮੁਲਾਣਿਆਂ ਅਤੇ ਪੰਡਿਤਾਂ ਦੁਆਰਾ ਪੇਸ਼ ਕੀਤਾ ਗਿਆ ਸੀ ਉਸ ਸੁਕੜੇ ਹੋਏ ਦਾਇਰੇ ਵਿਚੋਂ ਬਾਹਰ ਕੱਢਣ ਲਈ ਸੂਫ਼ੀ ਫ਼ਕੀਰਾਂ ਅਤੇ ਸਮਕਾਲੀ ਹਿੰਦੁਸਤਾਨੀ ਸੰਤਾਂ ਦੀ ਅਹਿਮ ਭੂਮਿਕਾ ਰਹੀ ਹੈ। ਇਨ੍ਹਾਂ ਸੂਫ਼ੀ ਅਤੇ ਸੰਤਾਂ ਨੇ ਜਨ ਹਿਤ ਲਈ ਕਲਿਆਣਕਾਰੀ ਸਥਿਤੀ ਪੈਦਾ ਕਰਨ ਲਈ ਸਮਕਾਲੀ ਰਾਜਨੀਤਕ ਅਤੇ ਸਮਾਜਿਕ ਗਤੀਵਿਧੀਆਂ ਨੂੰ ਆਪਣੇ ਕਾਵਿ ਵਿਚ ਵਰਨਣ ਕਰਨ ਦਾ ਯਤਨ ਕੀਤਾ। ਅਧਿਆਤਮਿਕ ਕਾਵਿ ਹੀ ਅਜਿਹਾ ਸਾਧਨ ਹੈ ਜਿਸ ਦੁਆਰਾ ਕਵੀ ਆਪਣੇ ਅਧਿਆਤਮਿਕ ਵਿਚਾਰਾਂ ਦੀ ਰਹੱਸਮਈ ਅਨੁਭੂਤੀ ਨੂੰ ਸਾਹਿਤਕ ਸਿਰਜਣਾ ਰਾਹੀਂ ਪ੍ਰਕਾਸ਼ਮਾਨ ਕਰ ਸਕਦਾ ਹੈ। ਸੰਤਾਂ ਅਤੇ ਸੂਫ਼ੀਆਂ ਦੇ ਸੰਗੀਤਕ ਕਾਵਿ ਦਾ ਅਧਿਐਨ ਕਰਨ ਤੇ ਇਹ ਗੱਲ ਖੁੱਲ ਕੇ ਸਾਹਮਣੇ ਆਉਂਦੀ ਹੈ ਕਿ ਹਿੰਦੁਸਤਾਨੀ ਅਤੇ ਸੂਫ਼ੀ ਸੰਤਾਂ ਨੇ ਇਕ ਦੂਜੇ ਦੇ ਸਮਕਾਲੀ ਪ੍ਰਭਾਵਾਂ ਨੂੰ ਸਮਾਨ ਪੂਰਵਕ ਸਲਾਹਿਆ ਅਤੇ ਸਵੀਕਾਰਿਆ ਹੈ। "ਏਸੇ ਬੀ ਅਵਸਰ ਆਏ ਹੈਂ ਜਬ ਸੂਫ਼ੀਓਂ ਨੇ ਭਾਰਤੀਏ ਸਮਾਜ ਕੇ ਬਹੁ-ਧਾਰਮਿਕ ਔਰ ਬਹੁ-ਭਾਸ਼ਾਈ ਚਰਿਤਰ ਕੀ ਪ੍ਰਸ਼ੰਸਾ ਮੇਂ ਗਹਿਰੀ ਔਰ ਸੱਚੀ ਭਾਵਨਾ ਪ੍ਰਗਟ ਕੀ। ਵੇ ਹਿੰਦੀ ਕੇ ਸ਼ੌਕੀਨ ਥੇ। ਭਕਤ ਸੰਤੋਂ ਦੁਆਰਾ ਰਚਿਤ ਭਗਤ ਗੀਤੋਂ ਕੋ ਵੇ ਬਹੁਤ ਪਸੰਦ ਕਰਤੇ ਥੇ। ਭਾਸ਼ਾ ਕੇ ਮਾਮਲੇ ਮੇਂ ਯਹਾ ਕਹੀਂ ਭੀ ਸੂਫ਼ੀਓਂ ਨੇ ਨਿਵਾਸ ਕੀਆ ਵਹਾਂ ਉਨਹੋਂਨੇ ਸਥਾਨੀਏ ਲੋਗੋਂ ਸੇ ਸੰਵਾਦ ਕੇ ਲਿਏ ਸਥਾਨੀਏ ਬੋਲੀਓਂ ਕੋ ਅਪਨਾਇਆ। ਇਸ ਪ੍ਰਕਾਰ ਉਨਹੋਂਨੇ ਭਾਰਤੀਏ ਭਾਸ਼ਾਓਂ ਕੇ ਨਿਕਾਸ ਮੇਂ ਭੀ ਮਹੱਤਵਪੂਰਨ ਭੂਮਿਕਾ ਨਿਭਾਈ।"[1]

ਭਾਰਤੀ ਅੰਦੋਲਨ ਦੀ ਲਹਿਰ ਵਿਚ ਹਿੰਦੁਸਤਾਨੀ ਅਤੇ ਸੂਫ਼ੀ ਸੰਤਾਂ ਦੇ ਸੰਗੀਤਕ ਕਾਵਿ ਵਿਚ ਇਤਿਹਾਸਿਕ, ਵਿਚਾਰਿਕ ਅਤੇ ਅਧਿਆਤਮਿਕ ਸਾਂਝ ਦੇ ਸਮਕਾਲੀ ਪਹਿਲੂ ਨਜ਼ਰ ਆਉਂਦੇ ਹਨ। ਇਹਨਾਂ ਭਗਤੀ ਅੰਦੋਲਨ ਦੇ ਸੂਫ਼ੀ-ਸੰਤਾਂ ਨੇ ਕਿਸੇ ਧਰਮ ਦੇ ਪ੍ਰਚਾਰ ਹਿਤ ਸੰਤ ਸਾਹਿਤ ਦੀ ਰਚਨਾ ਨਹੀਂ ਕੀਤੀ ਬਲਕਿ ਇਹਨਾਂ ਨੇ ਸਰਬ ਧਰਮ ਕਲਿਆਣ ਹੇਤੂ ਸਭ ਧਰਮਾਂ ਦਾ ਸਾਂਝਾ ਪ੍ਰਚਾਰ ਕੀਤਾ। ਹਿੰਦੁਸਤਾਨੀ ਸੰਤਾਂ ਦੀ ਵੈਦਿਕ ਭਾਸ਼ਾ ਸੀ ਅਤੇ ਇਸਦੇ ਸਮਕਾਲੀ ਸੂਫ਼ੀ ਕਲਾਮ ਦੀ ਭਾਸ਼ਾ ਅਰਬੀ ਅਤੇ ਫ਼ਾਰਸੀ ਸੀ। ਪ੍ਰੰਤੂ ਮਧਕਾਲੀ ਸੰਤ ਸਾਹਿਤ ਦੀ ਰਚਨਾ (ਸੂਫ਼ੀ ਸੰਤ ਅਤੇ ਹਿੰਦੁਸਤਾਨੀ ਸੰਤ) ਆਮ ਲੋਕਾਂ ਦੀ ਭਾਸ਼ਾ ਵਿਚ ਹੋਈ ਕਿਉਂਕਿ ਮਧਕਾਲੀ ਭਗਤੀ ਅੰਦੋਲਨ ਆਮ ਲੋਕਾਂ ਦਾ ਅਧਿਆਤਮਿਕ ਅੰਦੋਲਨ ਸੀ। ਸੰਸਕ੍ਰਿਤ ਅਤੇ ਅਰਬੀ, ਫ਼ਾਰਸੀ ਭਾਸ਼ਾ ਦੀ ਥਾ ਹਿੰਦੀ ਭਾਸ਼ਾ ਨੇ ਲੈ ਲਈ। "ਅਧਿਆਤਮਿਕ ਵਿਚਾਰਾਂ ਦਾ ਪ੍ਰਾਰੰਭਿਕ ਉਦਘੋਸ਼ ਜੋ ਉਪਨਿਸ਼ਦੋਂ ਮੇਂ ਉਪਲੱਬਧ ਥਾ, ਉਸਨੇ ਵੈਸ਼ਣਵਵਾਦ ਏਂਵ ਸੂਫ਼ੀਵਾਦ ਕੇ ਬੀਚ ਏਕ, ਸਿਧਾਂਤਿਕ ਸੇਤੂ ਕਾ ਨਿਰਮਾਣ ਕੀਆ। ਵਿਭਿੰਨ ਸੰਗਠਨੋਂ ਕੇ ਸੂਫ਼ੀ ਭਾਰਤੀਏ ਵਿਚਾਰੋਂ ਏਂਵ ਵਿਵਹਾਰੋਂ ਸੇ ਇਤਨੇ ਪ੍ਰਭਾਵਿਤ ਹੁਏ ਕਿ ਉਨਮੇਂ ਸੇ ਕੁਛ ਨੇ ਉਨ ਆਦਰਸ਼ੋਂ ਕੋ ਅਪਨਾ ਲੀਆ ... ਖੱਤਰੀ, ਕਸ਼ਮੀਰ ਪੰਡਿਤੋਂ ਏਂਵ ਸਿੰਧੀ ਆਮਿਲੋਂ (ਰਾਜਸਵ ਕਰਮਚਾਰੀਓਂ) ਨੇ ਮੁਸਲਿਮ ਸੰਸਕ੍ਰਿਤੀ ਅਪਨਾਤੇ ਹੁਏ ਫ਼ਾਰਸੀ ਭਾਸ਼ਾ ਏਂਵ ਸਾਹਿਤਅ ਮੇਂ ਪਾਰੰਗਤ ਹੁਏ ਤਥਾ ਇਸਲਾਮੀ ਰਾਜਿਓਂ ਕੇ ਪ੍ਰਸ਼ਾਸ਼ਨ ਮੇਂ ਸੰਮਲਿਤ ਹੁਏ ...ਕੁਝ ਮੁਸਲਿਮ

[1] ਇਰਾਕੀ ਸ਼ਹਾਬੁਦੀਨ, ਮਧਅਕਾਲੀਨ ਭਾਰਤ ਮੇਂ ਭਕਤੀ ਅੰਦੋਲਨ ਸਮਾਜਿਕ ਏਵਮ ਰਾਜਨੀਤਿਕ ਪਰਿਪੇਕਸ਼, ਪੰਨਾ 69.

ਪ੍ਰਭੁਤਵ ਵਾਲੇ ਸ਼ੇਤ੍ਰੋ ਮੇਂ ਉਨਕੇ ਸਾਹਿਤਕ ਰੀਤੀ ਤਥਾ ਹਜ਼ਰਤ ਹੁਸੈਨ ਕੇ ਬਲਿਦਾਨ ਪਰ ਸੋਕਗੀਤ (ਮਰਸੀਆ) ਕਾ ਗਾਨ ਆਦਿ ਅਪਨਾ ਲਿਆ। "[1]

ਇਸ ਤਰ੍ਹਾਂ ਭਾਰਤੀਆਂ ਨੇ ਮੁਸਲਿਮ ਸੰਸਕ੍ਰਿਤੀ ਨੂੰ ਅਪਣਾਉਂਦਿਆਂ ਅਰਬੀ, ਫ਼ਾਰਸੀ ਭਾਸ਼ਾ ਨੂੰ ਸਿੱਖਣਾ ਉੱਚਿਤ ਸਮਝਿਆ ਅਤੇ ਮੁਸਲਿਮ ਅਧਿਆਤਮਿਕ ਅਨੁਭਵਾਂ ਨੂੰ ਸੰਗੀਤਕ ਕਾਵਿ ਦੁਆਰਾ ਪ੍ਰਚਾਰ ਪ੍ਰਸਾਰ ਕੀਤਾ। "ਬਹੁ-ਸੰਖਿਅਕ ਅਰਬੀ ਏਂਵ ਫ਼ਾਰਸੀ ਕੇ ਗਿਆਤਾ ਮੁਸਲਿਮ ਵਿਦਵਾਨੋਂ ਨੇ ਅਪਨੇ ਗਧ ਏਂਵ ਪਧ ਕੀ ਭਾਸ਼ਾ ਏਂਵ ਵਾਰਤਾਲਾਪ ਕੇ ਰੂਪ ਮੇਂ ਹਿੰਦਵੀ ਕੋ ਅਪਨਾਇਆ। ... 'ਹਿੰਦਵੀ' ਸ਼ਬਦ ਫ਼ਾਰਸੀ ਭਾਸ਼ੀ ਲੋਗੋਂ ਦੁਆਰਾ ਸਭੀ ਸ਼ੇਤਰੀਏ ਹਿੰਦੀ ਬੋਲੀਓ ਕੇ ਲਿਏ ਪ੍ਰਯੋਗ ਕੀਆ ਜਾਤਾ ਥਾ ਤਥਾ ਇਸਕੇ ਮਾਧਿਅਮ ਸੇ ਵੇ ਲੋਗ ਸਥਾਨੀਏ ਲੋਗੋਂ ਸੇ ਪਾਰਸਪਰਿਕ ਸੰਮਬੰਧ ਬਨਾਤੇ ਥੇ। ਤੈਹਰਵੀ ਸਦੀ ਤਥਾ ਉਸਕੇ ਬਾਦ ਇਸ ਭਾਸ਼ਾ ਮੇਂ ਲਿਖੀ ਰਹੱਸਵਾਦੀ ਕਵਿਤਾਏਂ ਸੂਫ਼ੀ ਸਮਾਓਂ (ਸੰਗੀਤ ਸਭਾਓਂ) ਮੇਂ ਗਾਈ ਜਾਨੇ ਲਗੀਂ ਏਂਵ ਕ੍ਰਮਸ਼! ਇਤਨੀ ਲੋਕਪ੍ਰਿਏ ਹੋ ਗਈ ਕਿ ਸੂਫ਼ੀ ਯਹ ਵਿਸ਼ਵਾਸ ਕਰਨੇ ਲਗੇ ਕਿ ਲੋਗੋਂ ਕੇ ਜਾਗ੍ਰਿਤ ਏਂਵ ਆਨੰਦ ਵਿਭੋਰ ਕਰਨੇ ਕੇ ਲਿਏ ਹਿੰਦੀ ਕਵਿਤਾਏਂ ਫ਼ਾਰਸੀ ਸੇ ਅਧਿਕ ਪ੍ਰਭਾਵਕਾਰੀ ਹੈ। "[2]

ਭਗਤੀ ਲਹਿਰ ਦੇ ਸਮਕਾਲੀ ਸੂਫ਼ੀ ਅਤੇ ਸੰਤ ਜਿਵੇਂ ਕਿ ਭਗਤ ਰਾਮਾਨੰਦ, ਬਾਬਾ ਫਰੀਦ, ਗੁਰੂ ਨਾਨਕ, ਭਗਤ ਕਬੀਰ, ਮੀਰਾਬਾਈ, ਸਵਾਮੀ ਹਰੀਦਾਸ ਜੀ, ਨਿਜ਼ਾਮੂਦੀਨ ਔਲੀਆ, ਅਮੀਰ ਖੁਸਰੋ ਆਦਿ ਚਾਹੇ ਵੱਖ-ਵੱਖ ਵਰਗਾਂ, ਵੱਖ-ਵੱਖ ਭਾਸ਼ਾ ਅਤੇ ਵੱਖ-ਵੱਖ ਪ੍ਰਦੇਸ਼ਾ ਨਾਲ ਸੰਬੰਧਿਤ ਸਨ ਪਰ ਇਨ੍ਹਾਂ ਦੀਆਂ ਸੰਗੀਤਕ ਕਾਵਿ ਰਚਨਾਵਾਂ ਦਾ ਅਧਿਆਤਮਿਕ ਸੁਰ ਇਕ ਹੀ ਸੀ। ਇਹ ਸਾਹਿਤਕਾਰ ਸੰਗੀਤ ਕਲਾ ਵਿਚ ਵੀ ਸਿਧਹਸਤ ਸਨ। ਇਨ੍ਹਾਂ ਸੰਤਾਂ ਵਿਚੋਂ ਜਿਆਦਾਤਰ ਪੜ੍ਹੇ ਲਿਖੇ ਨਹੀਂ ਸਨ ਪਰ ਅਧਿਆਤਮਿਕ ਅਤੇ ਰੂਹਾਨੀ ਪੱਖੋਂ ਇਹ ਯੁਗ ਪੁਰਸ਼ ਰਹੇ। ਇਹਨਾਂ ਯੁਗ ਪੁਰਸ਼ਾਂ ਨੇ ਸੰਗੀਤ ਦੀ ਰੂਹਾਨੀਅਤ ਖਿਚ ਰਾਹੀਂ ਆਮ ਜਨਤਾ ਨੂੰ ਆਪਣੇ ਸੰਗੀਤਕ ਕਾਵਿ ਰਾਹੀਂ ਉਸ ਪਰਮਪਿਤਾ ਦੀ ਅਨੁਭੂਤੀ ਕਰਵਾ ਕੇ ਰੂਹਾਨੀ ਮੰਡਲ ਦੀ ਸੈਰ ਕਰਵਾਈ।

ਇਨ੍ਹਾਂ ਸੂਫ਼ੀ-ਸੰਤਾਂ ਦੀ ਭਾਸ਼ਾ ਦੀ ਭਿੰਨਤਾ ਜਾਂ ਪ੍ਰਾਂਤ ਭਿੰਨਤਾ ਦੇ ਕਾਰਨ ਕਈ ਸੰਪ੍ਰਦਾਇ ਵੀ ਹੋਂਦ ਵਿਚ ਆਏ। ਪਰ ਸਿਰਫ਼ ਉਹ ਹੀ ਸੰਪ੍ਰਦਾਇ ਅੱਗੇ ਪ੍ਰਚਲਿਤ ਜਾਂ ਪ੍ਰਚਾਰ ਵਿਚ ਰਹੇ ਜਿੰਨ੍ਹਾਂ ਦੇ ਕਾਵਿ ਦਾ ਸੰਗੀਤਕ ਪ੍ਰਚਾਰ ਪ੍ਰਸਾਰ ਰਿਹਾ ਕਿਉਂਕਿ ਕਾਵਿ ਰਚਨਾ ਦਾ ਭਾਵ ਹੀ ਛੰਦਬੱਧ ਰਚਨਾ ਹੈ। ਸੰਤਾਂ-ਸੂਫ਼ੀਆਂ ਵਿਚ ਕਾਵਿ ਗਾਇਨ ਦੀ ਮੌਖਿਕ ਪਰੰਪਰਾ ਪੁਰਾਤਨ ਕਾਲ ਤੋਂ ਚੱਲੀ ਆ ਰਹੀ ਹੈ। ਧਰਮ, ਦਰਸ਼ਨ, ਅਧਿਆਤਮਵਾਦ, ਰਹੱਸਵਾਦ ਦਾ ਗਿਆਨ ਮੌਖਿਕ ਰੂਪ ਵਿਚ ਹੀ ਦੇਣ ਦੀ ਪਰੰਪਰਾ ਪ੍ਰਾਚੀਨ ਕਾਲ ਤੋਂ ਹੀ ਚਲੀ ਆ ਰਹੀ ਹੈ। ਇਸੇ ਪਰੰਪਰਾਗਤ ਰੂਪ ਵਿਚ ਗਿਆਨ ਗੁਰੂ ਦੇ ਮੁੱਖ ਤੋਂ ਸ਼ਗਿਰਦ ਤਕ ਜਾਂਦਾ ਰਿਹਾ ਹੈ ਅਤੇ ਬਾਅਦ ਵਿਚ ਕਾਵਿ ਦਾ ਸੰਕਲਨ ਹੁੰਦਾ ਰਿਹਾ ਹੈ।

ਭਗਤੀਕਾਲੀਨ ਸੰਤਾਂ-ਸੂਫ਼ੀਆਂ ਦਾ ਸੰਗੀਤਕ ਕਾਵਿ ਮਧਕਾਲ ਦੀ ਇਕ ਇਤਿਹਾਸਿਕ ਅਤੇ ਸਾਹਿਤਕ ਵਿਰਾਸਤ ਹੈ। ਸੰਗੀਤਕ ਕਾਵਿ ਵਿਚੋਂ ਸਮਕਾਲੀਨ ਰਾਜਨੈਤਿਕ, ਸਮਾਜਿਕ ਅਤੇ ਅਧਿਆਤਮਿਕ

---

[1] ਈਰਾਕੀ, ਸ਼ਹਾਬੂਦੀਨ, ਮਧਅਕਾਲੀਨ ਭਾਰਤ ਮੇਂ ਭਕਤੀ ਅੰਦੋਲਨ, ਪੰਨਾ 209.
[2] ਉਹੀ, ਪੰਨਾ 210.

ਸਾਹਿਤ ਦਾ ਵਰਨਣ ਮਿਲਦਾ ਹੈ। "ਉਸ ਸਮੇਂ ਵਿਭਿੰਨ ਸੰਪਰਦਾਇਕ ਸੰਗਠਨੋਂ ਦੁਆਰਾ ਅਨੇਕ ਸੰਕਲਨ ਤਿਆਰ ਕੀਤੇ ਗਏ, ਜਿਨਮੇਂ ਅਨੇਕ ਸੰਤੋਂ, ਸੂਫ਼ੀਓਂ ਔਰ ਯੋਗੀਓਂ ਕੇ ਕਥਨ ਸੰਮਲਿਤ ਕੀਏ ਗਏ ਥੇਂ। ਯੇ ਸੰਕਲਨ ਦੇਸ਼ ਕੇ ਵਿਭਿੰਨ ਭਾਸ਼ੋਂ, ਵਿਸ਼ੇਸ਼ ਰੂਪ ਸੇ ਮਹਾਰਾਸ਼ਟ, ਛਤੀਸਗੜ੍ਹ, ਰਾਜਸਥਾਨ, ਪੰਜਾਬ ਔਰ ਪੂਰਵੀ ਉਤਰ ਪ੍ਰਦੇਸ਼ ਮੇਂ ਪਾਏ ਜਾਤੇ ਹੈ। ਇਸ ਸਾਹਿਤਅ ਕੇ ਅੰਤਰਗਤ ਸਬਸੇ ਮਹੱਤਵਪੂਰਨ ਹੈ – ਪੱਛਮੀ ਭਾਗ ਕਾ ਗੁਰੂ ਗ੍ਰੰਥ ਸਾਹਿਬ।"[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਕਿ ਸਰਬ ਧਰਮ ਦਾ ਗ੍ਰੰਥ ਹੈ। ਇਹ ਇਕ ਅਜਿਹਾ ਧਾਰਮਿਕ ਗ੍ਰੰਥ ਹੈ ਜਿਸ ਵਿਚ ਧਰਮ ਜਾਂ ਜਾਤ-ਪਾਤ ਦਾ ਕੋਈ ਭੇਦ ਭਾਵ ਕੀਤੇ ਬਿਨ੍ਹਾਂ ਪੰਜ ਗੁਰੂ ਸਾਹਿਬਾਨ ਅਤੇ 16 ਭਗਤਾਂ ਅਤੇ ਭੱਟਾਂ ਦੀ ਬਾਣੀ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾਈ।

ਭਗਤੀ ਅੰਦੋਲਨ ਵਿਚ ਇਹਨਾਂ ਮਧਕਾਲੀ ਸੂਫ਼ੀਆਂ ਅਤੇ ਸੰਤਾਂ ਦੀਆਂ ਸੰਗੀਤਕ ਕਾਵਿ ਰਚਨਾਵਾਂ ਦਾ ਵਰਨਣ ਦੇਣਾ ਇੱਥੇ ਸ਼ੋਧ ਕਰਤੀ ਦੁਆਰਾ ਜ਼ਰੂਰੀ ਸਮਝਿਆ ਜਾ ਰਿਹਾ ਹੈ ਕਿਉਂਕਿ ਇਹਨਾਂ ਹੀ ਸੂਫ਼ੀਆਂ ਅਤੇ ਸੰਤਾਂ ਦੇ ਸਦਕਾ ਹੀ ਸਮਾਜ ਮੱਧਕਾਲ ਦੇ ਉਥਲ-ਪੁਥਲ ਅਤੇ ਅਸੰਤੁਸ਼ਟੀ ਵਾਲੇ ਮਾਹੌਲ ਤੋਂ ਬਾਹਰ ਨਿਕਲਣ ਵਿਚ ਸਫ਼ਲ ਹੋਇਆ। ਇਹਨਾਂ ਦੇ ਸੰਗੀਤਕ ਕਾਵਿ ਦੇ ਕਾਰਨ ਹੀ ਉਸ ਸਮੇਂ ਦੇ ਸਮਾਜਿਕ ਰਾਜਨੈਤਿਕ ਅਤੇ ਸਾਹਿਤਕ ਗਤੀਵਿਧੀਆਂ ਤੇ ਚਾਨਣਾ ਪਾਇਆ ਜਾ ਸਕਦਾ ਹੈ। ਇਹਨਾਂ ਹੀ ਸੰਤਾਂ ਸੂਫ਼ੀਆਂ ਦੇ ਯਤਨਾਂ ਸਦਕਾ ਸੰਗੀਤ ਆਪਣੇ ਵੈਦਿਕ ਅਧਿਆਤਮਿਕ ਸੰਪਤੀ ਬਰਕਰਾਰ ਰੱਖ ਸਕਿਆ। ਖੋਜਾਰਥਣ ਦੇ ਮੁਤਾਬਿਕ ਸੂਫ਼ੀ ਸੰਗੀਤ ਨੂੰ ਵੀ ਭਾਰਤੀ ਸੰਗੀਤ ਦੀ ਹੀ ਇੱਕ ਸ਼ਾਖਾ ਮੰਨਣਾ ਉਚਿਤ ਪ੍ਰਤੀਤ ਹੁੰਦਾ ਹੈ। ਕਿਉਂਕਿ ਭਾਰਤ ਵਿਚ ਮੁਸਲਮਾਨਾਂ ਦੇ ਪ੍ਰਵੇਸ਼ ਦੇ ਨਾਲ ਹੀ ਉਤਰੀ ਸੰਗੀਤ ਤੇ ਦੱਖਣੀ ਦੇ ਵੱਖ-ਵੱਖ ਪਧਿੱਤੀਆਂ ਵਜੋਂ ਹੋਂਦ ਵਿਚ ਆਏ। ਦੱਖਣੀ ਸੰਗੀਤ ਆਪਣੀ ਪ੍ਰਚੀਨਤਾ ਨੂੰ ਸੰਭਾਲਦੇ ਹੋਏ ਵੈਦਿਕ ਪਰੰਪਰਾ ਦੇ ਮੁਤਾਬਿਕ ਹੀ ਪ੍ਰਵਾਹਿਤ ਰਿਹਾ। ਪਰੰਤੂ ਉਤਰੀ ਸੰਗੀਤ ਸੂਫ਼ੀ ਸੰਗੀਤ ਦੇ ਮਿਸ਼ਰਣ ਨਾਲ ਹੀ ਹਿੰਦੁਸਤਾਨੀ ਸੰਗੀਤ ਵਜੋਂ ਜਾਣਿਆ ਜਾਣ ਲੱਗਾ। "ਭਾਰਤ ਕੀ ਸੰਗੀਤਾਤਮਕ ਸੰਸਕ੍ਰਿਤੀ ਫ਼ਾਰਸੀ ਏਂਵ ਅਰਬੀ ਸੰਗੀਤ ਕੇ ਤਾਤਵਿਕ ਸਮੱਗਰੀ ਕੇ ਰੂਪ ਮੇਂ ਵਿਕਸਿਤ ਹੁਈ। ਸੂਫ਼ੀ ਖਾਨਕਾਹੋਂ ਮੇਂ ਸਮਾਓਂ ਕਾ ਕਾਰਿਆ ਉਸੀ ਪ੍ਰਕਾਰ ਆਨੰਦ (ਹਾਲ) ਕੀ ਪ੍ਰਾਪਤੀ ਕੇ ਲਿਏ ਹੋਤਾ ਥਾ, ਇਸ ਪ੍ਰਕਾਰ ਆਨੰਦ-ਵਿਭੋਰਤਾ ਸੰਤੋਂ ਏਂਵ ਸੂਫ਼ੀਓ ਕੇ ਬੀਚ ਸਮਾਨ ਰੂਪ ਸੇ ਲੋਕਪ੍ਰਿਏ ਹੁਈ।"[2]

ਸੂਫ਼ੀ ਕਾਵਿ ਅਤੇ ਇਸਦੇ ਸਮਕਾਲੀ ਹਿੰਦੁਸਤਾਨੀ ਸੰਤ ਕਾਵਿ ਸੰਗੀਤਾਤਮਕ ਅਤੇ ਅਧਿਆਤਮਿਕ ਦਾ ਸਬਲ ਸਾਧਨ ਸੀ। ਹਿੰਦੁਸਤਾਨੀ ਸੰਗੀਤ ਦੀ ਸੂਖਮ ਅਤੇ ਮਨਮੋਹਕ ਅਭਿਵਿਅਕਤੀ ਨੇ ਸੂਫ਼ੀ ਕਾਵਿ ਨਾਲ ਘੁਲ ਮਿਲ ਕੇ ਅਧਿਆਤਮਿਕ ਸੰਗੀਤਕ ਕਾਵਿ ਨੂੰ ਇਕ ਨਵਾਂ ਰੂਪ ਅਤੇ ਪ੍ਰੋੜਤਾ ਪ੍ਰਦਾਨ ਕੀਤੀ। ਇੱਥੇ ਵਿਸ਼ੇਸ਼ ਤੌਰ ਤੇ ਭਗਤੀ ਲਹਿਰ ਵਿਚ ਅਹਿਮ ਭਗਤ ਸੰਗੀਤਕਾਰਾਂ ਦਾ ਵਰਨਣ ਦਿੱਤਾ ਗਿਆ ਹੈ ਜਿੰਨ੍ਹਾਂ

---

1 ਇਰਾਕੀ ਸ਼ਹਾਬੁਦੀਨ, ਮੱਧਅਕਾਲੀਨ ਭਾਰਤ ਮੇਂ ਭਕਤੀ ਅੰਦੋਲਨ, ਸਮਾਜਿਕ ਏਂਵ ਰਾਜਨੈਤਿਕ ਪਰਿਪੇਕਸ਼, ਪੰਨਾ 98.
2 ਉਹੀ, ਪੰਨਾ 212.

ਨੇ ਸੰਗੀਤਕ ਕਾਵਿ ਰਚਨਾਵਾਂ ਰਾਹੀਂ ਭਗਤੀ ਲਹਿਰ ਨੂੰ ਉੱਚ ਅਤੇ ਪਵਿੱਤਰਤਾ ਦੀ ਚਰਮ ਸੀਮਾ ਤੱਕ ਪਹੁੰਚਾਇਆ।

## 4.1 ਬਾਬਾ ਫ਼ਰੀਦ

"ਬਾਬਾ ਫਰੀਦ ਜੀ ਦਾ ਪੂਰਾ ਨਾਮ ਫਰੀਦੁ-ਦੀਨ-ਮਸਊਦ ਸੀ। ਫਰੀਦੁ-ਦੀਨ-ਮਸਊਦ ਦਾ ਜਨਮ ਸੰਨ 1173 ਵਿਚ ਕਹਤਵਾਲ ਵਿਚ ਹੋਇਆ।"[1] ਬਾਬਾ ਫ਼ਰੀਦ ਦੀ ਮਾਤਾ ਕਰਸੁਮ ਧਾਰਮਿਕ ਬਿਰਤੀ ਵਾਲੀ ਸੀ। ਬਚਪਨ ਤੋਂ ਹੀ ਉਹਨਾਂ ਨੇ ਬਾਬਾ ਫ਼ਰੀਦ ਨੂੰ ਅਧਿਆਤਮਿਕ ਰੰਗ ਦੀ ਰੰਗਨਾ ਦਿੱਤਾ। ਬਾਬਾ ਫ਼ਰੀਦ ਜੀ ਦੀ ਮਾਤਾ ਉਹਨਾਂ ਨੂੰ ਸ਼ੱਕਰ ਦਾ ਲਾਲਚ ਦੇ ਕੇ ਨਿਮਾਜ਼ ਪੜ੍ਹਨ ਲਗਾਇਆ ਕਰਦੀ ਸੀ। ਮਾਤਾ ਕਰਸੁਮ ਦੇ ਧਾਰਮਿਕ ਜੀਵਨ ਦੇ ਸੰਬੰਧੀ ਇਹ ਘਟਨਾ ਬਹੁਤ ਪ੍ਰਸਿੱਧ ਹੈ ਕਿ ਇੱਕ ਵਾਰ ਮਾਤਾ ਬੰਦਗੀ ਵਿਚ ਲੱਗੀ ਹੋਈ ਸੀ ਕਿ ਉਹਨਾਂ ਦੇ ਘਰ ਕੋਈ ਚੋਰ ਆ ਗਿਆ ਅਤੇ ਮਾਤਾ ਜੀ ਦੇ ਅਧਿਆਤਮਿਕ ਤੇਜ਼ ਦੇ ਕਾਰਨ ਉਹ ਅੰਨਾ ਹੋ ਗਿਆ। ਪਰ ਜਦੋਂ ਉਸ ਨੇ ਮਾਤਾ ਜੀ ਤੋਂ ਮੁਆਫ਼ੀ ਮੰਗੀ ਤਾਂ ਅੱਖਾਂ ਵਿਚ ਮੁੜ ਜੋਤ ਆ ਗਈ।

ਬਾਬਾ ਫ਼ਰੀਦ ਜੀ ਨੇ ਛੋਟੀ ਉਮਰ ਵਿਚ ਹੀ ਮੱਕਾ ਤੇ ਮਦੀਨਾ ਦਾ ਹੱਜ ਕਰ ਲਿਆ ਸੀ। "ਚਾਰ ਸਾਲ ਦੀ ਉਮਰ ਵਿਚ ਆਪ ਨੂੰ ਸਕੂਲ ਭੇਜਿਆ ਗਿਆ ਅਤੇ ਆਪ ਨੇ ਸਾਰਾ ਕੁਰਾਨ ਜ਼ਬਾਨੀ ਯਾਦ ਕਰ ਲਿਆ।"[2]

ਫ਼ਰੀਦ ਜੀ ਨੇ ਬਚਪਨ ਤੋਂ ਲੈ ਕੇ 16 ਸਾਲ ਦੀ ਉਮਰ ਤੱਕ ਸਿੱਖਿਆ ਆਪਣੇ ਮਾਤਾ ਜੀ ਤੋਂ ਹਾਸਿਲ ਕੀਤੀ। ਇਸ ਤੋਂ ਬਾਅਦ ਅਜ਼ਮੇਰ ਵਿਚ ਆਪ ਦੀ ਮੁਲਾਕਾਤ ਖਵਾਜਾ ਹਜ਼ਰਤ ਨਿਜ਼ਾਮੂਦੀਨ ਚਿਸ਼ਤੀ ਨਾਲ ਹੋਈ। ਬਾਬਾ ਫ਼ਰੀਦ ਨੇ ਉਹਨਾਂ ਤੋਂ ਵੀ ਸਿੱਖਿਆ ਗ੍ਰਹਿਣ ਕੀਤੀ। ਖਾਵਾਜਾ ਨਿਜ਼ਾਮੂਦੀਨ ਚਿਸ਼ਤੀ ਨੇ ਧਰਮ ਦੀ ਉੱਚ ਸਿੱਖਿਆ ਲਈ ਆਪ ਨੂੰ ਕਾਬਲ ਭੇਜ ਦਿੱਤਾ। ਸਿੱਖਿਆ ਪੂਰੀ ਹੋਣ ਤੇ ਆਪ ਮੁਲਤਾਨ ਵਾਪਸ ਆ ਗਏ। "ਜਿੱਥੇ ਮਿਨਹਾਜ-ਉਦ-ਦੀਨ ਦੀ ਮਸਜਿਦ ਵਿਚ ਉਹਨਾਂ ਦੀ ਮੁਲਾਕਾਤ ਹਜੂਰ ਹਜ਼ਰਤ ਕੁਤਬਦੀਨ ਬਖਤਿਆਰ ਕਾਕੀ ਨਾਲ ਹੋਈ ਅਤੇ ਬਾਬਾ ਜੀ ਉਹਨਾਂ ਦੇ ਮੁਰੀਦ ਬਣ ਗਏ।"[3]

ਬਾਬਾ ਫ਼ਰੀਦ ਤਪੱਸਿਆਸ਼ੀਲ ਦਰਵੇਸ਼ ਅਤੇ ਅਨੁਭਵੀ ਸੂਫ਼ੀ ਸੰਤ ਸੀ। ਬਾਬਾ ਜੀ ਨੇ ਇਬਾਦਤ ਤੇ ਰਿਆਜ਼ਤ ਨੂੰ ਆਪਣੀ ਜਿੰਦਗੀ ਦਾ ਅਟੁੱਟ ਅੰਗ ਬਣਾਇਆ ਹੋਇਆ ਸੀ। ਇਹਨਾਂ ਦੀ ਕਾਵਿ ਰਚਨਾ ਵਿਚ ਨਿਮਰਤਾ, ਹਲੀਮੀ, ਤਿਆਗੀ, ਰਜ਼ਾ ਵਿਚ ਰਾਜ਼ੀ ਰਹਿਣਾ, ਸਬਰ, ਸੰਤੋਖ ਆਦਿ ਪ੍ਰਤੱਖ ਰੂਪ ਵਿਚ ਪ੍ਰਕਾਸ਼ਮਾਨ ਹੁੰਦੇ ਹਨ। ਬਾਬਾ ਫ਼ਰੀਦ ਨੇ ਰੱਬੀ ਇਬਾਦਤ ਵੇਲੇ ਮਨ ਦੀ ਸਥਿਰਤਾ ਤੇ ਜ਼ੋਰ ਦਿੱਤਾ। ਮਨ ਦੀ ਭਟਕਣਾ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਵਿਚ ਰੁਕਾਵਟ ਬਣਦੀ ਹੈ ਅਤੇ ਕੁਰਾਹੇ ਪਾਉਂਦੀ ਹੈ। ਮਨ ਦੀ ਧਰਤੀ ਜੇਕਰ ਪਧਰ ਹੋ ਜਾਵੇ ਤਾਂ ਭੇਦ ਭਾਵ ਮਿਟ ਜਾਂਦਾ ਹੈ ਤੇ ਸਾਧਨਾ ਦਾ ਮਾਰਗ ਸੁਖੀਲਾ ਹੋ ਜਾਂਦਾ ਹੈ।

---

[1] ਸ.ਸ. ਅਮੋਲ, ਬਾਬਾ ਫ਼ਰੀਦ ਜੀਵਣ ਤੇ ਰਚਨਾ, ਪੰਨਾ 43.

[2] ਤਾਰਨ ਸਿੰਘ (ਡਾ.), ਸ਼ੇਖ ਫ਼ਰੀਦ ਜੀਵਨ ਤੇ ਰਚਨਾ, ਪੰਨਾ 6.

[3] ਖਾਲਸਾ, ਇੰਦਰਜੀਤ ਸਿੰਘ, ਬਾਬਾ ਫ਼ਰੀਦ (ਸ਼ਕਰਗੰਜ਼) ਅਤੇ ਫ਼ਰੀਦਕੋਟ, ਪੰਨਾ 20.

"ਫ਼ਰੀਦਾ ਮਨ ਮੈਦਾਨ ਕਰ ਟੋਏ ਟਿੱਬੇ ਲਾਹਿ।
ਅੱਗੇ ਮੂਲ ਦਾ ਆਵਨੀ ਦੋਜ਼ਕ ਸੰਦੀ ਭਾਹਿ।"

ਬਾਬਾ ਫ਼ਰੀਦ ਪੰਜਾਬੀ ਕਾਵਿ-ਸਾਹਿਤ ਦੀ ਦ੍ਰਿਸ਼ਟੀ ਤੋਂ ਪਹਿਲੇ ਸੂਫ਼ੀ ਕਵੀ ਮੰਨੇ ਜਾਂਦੇ ਹਨ। "ਸੂਫ਼ੀ ਫ਼ਕੀਰ ਆਪਣੇ ਖ਼ਿਆਲਾਤ ਦੇ ਇਜ਼ਹਾਰ ਲਈ ਅਦਬ ਅਤੇ ਖ਼ਾਸ ਤੌਰ ਤੇ ਸ਼ਾਇਰੀ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਾਧਿਅਮ ਬਣਾਉਂਦੇ ਸਨ ਪਰੰਤੂ ਇਹ ਸ਼ਾਇਰੀ ਮੂਲ ਰੂਪ ਵਿਚ ਫ਼ਾਰਸੀ ਜ਼ਬਾਨ ਵਿਚ ਹੁੰਦੀ ਸੀ। ਲੇਕਿਨ ਸ਼ੇਖ ਫ਼ਰੀਦ ਪਹਿਲੇ ਸੂਫ਼ੀ ਦਰਵੇਸ ਸਨ ਜਿਹਨਾਂ ਨੇ ਫ਼ਾਰਸੀ ਜ਼ੁਬਾਨ ਵਿਚ ਸ਼ਾਇਰੀ ਕਰਨ ਦੇ ਨਾਲ-ਨਾਲ ਇਲਾਕਾਈ ਜ਼ੁਬਾਨ ਯਾਨੀ ਕਿ ਪੰਜਾਬੀ ਰਾਹੀਂ ਵੀ ਆਪਣੇ ਖ਼ਿਆਲਾਤ ਦਾ ਇਜ਼ਹਾਰ ਕੀਤਾ, ਨਾਲ ਹੀ ਆਪਣੇ ਕਲਾਮ ਵਿਚ ਪੰਜਾਬੀ ਰਹਿਤਲ ਦੇ ਮੁਖਤਲਿਫ਼ ਪਹਿਲੂਆਂ ਦੀ ਪੇਸ਼ਕਾਰੀ ਨਾਲ ਆਵਾਮ ਦਾ ਦਿਲ ਜਿੱਤ ਲਿਆ।"[1]

ਉਹਨਾਂ ਨੇ ਆਪਣੇ ਕਾਵਿ ਵਿਚ ਸਦਾਚਾਰੀ ਅਧਿਆਤਮਕ ਜੀਵਨ ਦੀ ਸਿੱਖਿਆ ਦਿੱਤੀ ਹੈ। ਇਹਨਾਂ ਦੀ ਬਾਣੀ ਦਾ ਮੂਲ ਸੁਰ ਅਧਿਆਤਮਕ ਅਤੇ ਨੈਤਿਕ ਹੈ। "ਆਦਿ ਗ੍ਰੰਥ ਵਿਚ ਸ਼ੇਖ ਫ਼ਰੀਦ ਦੇ 112 ਸ਼ਲੋਕ ਅਤੇ 4 ਸਬਦ ਸੰਕਲਿਤ ਹਨ। ਇਹ 4 ਸ਼ਬਦ ਰਾਗ ਸੂਹੀ ਅਤੇ ਰਾਗ ਆਸਾ ਵਿਚ ਵਿਉਂਤਬੱਧ ਕੀਤੇ ਗਏ ਹਨ। ... ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਦਾ ਕੋਈ ਖਰੜਾ ਜਾਂ ਗ੍ਰੰਥ ਅਜਿਹਾ ਪ੍ਰਾਪਤ ਨਹੀਂ ਹੁੰਦਾ, ਜਿਸ ਵਿਚ ਫ਼ਰੀਦ ਜੀ ਦੀ ਪੰਜਾਬੀ ਬਾਣੀ ਮੁਕੰਮਲ ਤੌਰ ਤੇ ਦਰਜ ਹੋਵੇ। ਸੀਅਰੁਲ-ਔਲੀਆ ਵਿਚ ਫ਼ਰੀਦ ਜੀ ਦੇ ਕਈ ਫ਼ਾਰਸੀ-ਬੈਂਤ, ਅਰਬੀ-ਰੁਬਾਈਆਂ, ਕਥਨ ਅਤੇ ਚਿੱਠੀਆਂ ਮਿਲਦੀਆਂ ਹਨ। ... ਇਸੇ ਤਰ੍ਹਾਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੀ ਲਾਇਬਰੇਰੀ ਵਿਚ 56 ਸਤਰਾਂ ਦੀ ਇੱਕ ਕਾਫ਼ੀ ਮੌਜੂਦ ਹੈ। ਜਿਸ ਨੂੰ ਸ਼ੇਖ ਫ਼ਰੀਦ ਦੀ ਰਚਨਾ ਮੰਨਿਆ ਗਿਆ ਹੈ।"[2]

ਬਾਬਾ ਫ਼ਰੀਦ ਜੀ ਨੇ ਇਕ ਪਰਮਾਤਮਾ ਦੀ ਨਿਰਾਕਾਰਤਾ ਅਤੇ ਸਰਵ ਸ਼ਕਤੀਮਾਨਤਾ ਨੂੰ ਸਵੀਕਾਰਿਆ ਹੈ। ਬਾਬਾ ਫ਼ਰੀਦ ਦੇ ਸਮਕਾਲੀ ਬਹੁਦੇਵਤਾਵਾਦ ਅਤੇ ਸਗੁਨ ਪਰਮਾਤਮਾ ਦੀ ਹੋਂਦ ਨੂੰ ਸਵੀਕਾਰਦੇ ਸਨ ਪਰ ਫ਼ਰੀਦ ਜੀ ਨੇ ਨਿਰਗੁਣ ਅਤੇ ਇਕੀਸ਼ਰਵਾਦ ਦੇ ਸੰਕਲਪ ਦੇ ਸੋਹਿਲੇ ਗਾਏ। ਸ਼ੇਖ ਫ਼ਰੀਦ ਜੀ ਇਸਲਾਮ ਧਰਮ ਦੇ ਪੈਰੋਕਾਰ ਸਨ। ਆਪ ਦੀ ਬਾਣੀ ਸੂਫ਼ੀਵਾਦ ਅਤੇ ਇਸਲਾਮੀ ਚਿੰਤਨ ਦੇ ਬੁਨਿਆਦੀ ਸਿਧਾਂਤਾਂ ਨਾਲ ਇਕਸੁਰਤਾ ਦੀ ਧਾਰਨੀ ਹੈ। "ਆਪ ਜੀ ਦੀ ਵਿਚਾਰਧਾਰਾ ਇਸਲਾਮੀ ਭਗਤੀ ਦੇ ਰੰਗ ਵਿਚ ਰੰਗੀ ਹੋਈ ਸੀ ਤੇ ਸ੍ਰੀ ਗੁਰੂ ਨਾਨਕ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫ਼ਰੀਦ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤਾ। ਜਿਸ ਦਾ ਮਤਲਬ ਇਹ ਹੈ ਕਿ ਬਾਬਾ ਫ਼ਰੀਦ ਕੇਵਲ ਸ਼ਰੀਅਤ ਦੇ ਪੜਾ ਵਿਚ ਹੀ ਕੈਦ ਨਹੀਂ ਰਹੇ ਸਗੋਂ ਆਪ ਤੁਰੀਆ ਪਦ (ਹਕੀਕਤ) ਦੀ ਮੰਜ਼ਿਲ ਦੇ ਪਾਂਧੀ ਸਨ। ਅੰਤ ਉਸ ਪ੍ਰਭੂ ਦੀ ਜਾਤ ਵਿਚ ਆਪਣੀ ਹਸਤੀ

---

[1] ਧਨਵੰਤ ਕੌਰ (ਡਾ.), ਸੂਫ਼ੀਨਾਮਾ ਅਦਬੀ ਰਿਵਾਇਤ, ਪੰਨਾ 53.
[2] ਬ੍ਰਹਮਜਗਦੀਸ਼ ਸਿੰਘ, ਬੋਲੈ ਸ਼ੇਖ਼ ਫ਼ਰੀਦੁ, ਪੰਨਾ 9.

ਮਿਟਾ ਕੇ ਫ਼ਨਾ ਹੋ ਚੁੱਕੇ ਹਨ।"[1] ਬਾਬਾ ਫ਼ਰੀਦ ਨੇ ਪ੍ਰਭੂ ਵਿਛੋੜੇ ਦੀ ਤੜਪ ਦੇ ਅਨੁਭਵ ਨੂੰ ਰਾਗ ਸੂਹੀ ਦੇ ਸ਼ਬਦ ਦੇ ਅੰਤਰਗਤ ਵਰਨਣ ਕੀਤਾ ਹੈ।

"ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਇ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ
ਮੁਝ ਅਵਗਨ ਸਹ ਨਾਹੀ ਦੋਸੁ॥੧॥
ਤੈ ਸਾਹਿਬ ਕੀ ਮੈ ਸਾਰ ਨਾ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ ॥ ੧॥ ਰਹਾਉ॥"

ਸ਼ੇਖ ਫ਼ਰੀਦ ਸੂਫ਼ੀ ਪਰੰਪਰਾ ਦੇ ਮੂਲ ਇਸ਼ਕ ਦੇ ਸੰਕਲਪ ਨੂੰ ਆਪਣੀ ਬਾਣੀ ਵਿਚ ਦਰਸਾਉਂਦੇ ਹਨ। ਉਹਨਾਂ ਦੀ ਪ੍ਰਭੂ ਪ੍ਰਤੀ ਇਸ਼ਕ ਦੀ ਤੀਰਬਰਤਾ ਦਾ ਅਨੁਭਵ ਅਤੇ ਉਹਨਾਂ ਦਾ ਬਿਰਹਾ-ਵਰਨਣ ਕਮਾਲ ਦਰਜੇ ਦਾ ਹੈ।

"ਆਸਾ ਸ਼ੇਖ਼ ਫ਼ਰੀਦ ਜੀਉ ਕੀ ਬਾਣੀ॥
ੴ ਸਤਿਗੁਰ ਪ੍ਰਸਾਦਿ॥
ਦਿਲਹੁ ਮੁਹਬਤਿ ਜਿਨ ਸੇਈ ਸਚਿਆ।
ਜਿਸ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥ ੧॥
ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ
ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ॥ ੧॥ ਰਹਾਉ॥
ਆਪਿ ਲੀਏ ਲੜਿ ਲਾਇ, ਦਰ ਦਰਵੇਸ ਸੇ
ਤਿਨ ਧੰਨੁ ਜਣੇਦੀ ਮਾਉ, ਆਏ ਸਫਲੁ ਸੇ॥ ੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥ ੩॥
ਤੇਰੀ ਪਨਹ ਖੁਦਾਇ, ਤੂ ਬਖਸੰਦਗੀ॥
ਸੇਖ ਫ਼ਰੀਦੈ ਖੈਰੁ ਦੀਜੈ ਬੰਦਗੀ॥ ੪॥"[2]

ਉਪਰੋਕਤ ਸ਼ਬਦ ਵਿਚ ਫ਼ਰੀਦ ਜੀ ਧੁਰ ਅੰਦਰੋਂ ਪਰਮਪਿਤਾ ਲਈ ਪ੍ਰੇਮ ਦਾ ਇਜ਼ਹਾਰ ਕਰਦੇ ਹਨ, ਜਿਹੜੇ ਲੋਕਾਂ ਦੇ ਮਨ ਵਿਚ ਕੁਝ ਹੋਰ ਹੁੰਦਾ ਹੈ ਨੇ ਜ਼ੁਬਾਨ ਤੇ ਕੁਝ ਹੋਰ ਹੁੰਦਾ ਹੈ ਉਹਨਾਂ ਨੂੰ ਫ਼ਰੀਦ ਜੀ ਨੇ ਝੂਠੇ (ਕੱਚੇ) ਕਿਹਾ ਹੈ ਅਤੇ ਜਿਹੜੇ ਉਸ ਪ੍ਰਭੂ ਦੀ ਭਗਤੀ ਦੇ ਰੰਗ ਵਿਚ ਰੰਗੇ ਜਾਂਦੇ ਹਨ, ਉਹਨਾਂ ਨੂੰ ਉਸ ਪ੍ਰਭੂ ਦੇ ਦਰਸ਼ਨ ਦੀਦਾਰੇ ਹੋ ਜਾਂਦੇ ਹਨ। ਜਿਹੜੇ ਪ੍ਰਭੂ ਦਾ ਨਾਮ ਸਿਮਰਨ ਨੂੰ ਵਿਸਾਰ ਦਿੰਦੇ ਹਨ। ਉਹ ਤਾਂ ਧਰਤੀ ਤੇ ਵਾਧੂ ਭਾਰ ਦੀ ਤਰ੍ਹਾਂ ਹਨ।

---

[1] ਬੇਦੀ, ਕਾਲਾ ਸਿੰਘ (ਡਾ.), ਸ਼ਾਹ ਹੁਸੈਨ ਰਚਨਾਵਲੀ, ਪੰਨਾ 6.
[2] ਸ.ਸ. ਅਮੋਲ, ਬਾਬਾ ਫ਼ਰੀਦ : ਜੀਵਨ ਤੇ ਰਚਨਾ, ਪੰਨਾ 78.

ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਅੰਕਿਤ ਰਾਗਾਂ ਤੋਂ ਇਹ ਅਨੁਮਾਨ ਲਗਦਾ ਹੈ ਕਿ ਬਾਬਾ ਫ਼ਰੀਦ ਜੀ ਨੂੰ ਸੰਗੀਤ ਦੀ ਗੂੜ ਸਮਝ ਸੀ ਅਤੇ ਉਹਨਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਓ ਲਓ ਸੰਗੀਤ ਨੂੰ ਹਮਰਾਹੀ ਬਣਾਇਆ।

ਬਾਬਾ ਫ਼ਰੀਦ ਦੇ ਸ਼ਲੋਕਾਂ ਵਿਚ ਨਿਮਰਤਾ, ਮਿਠਤ ਦਾ ਰੰਗ, ਭਾਵਾਂ ਦਾ ਰਸ ਤੇ ਪ੍ਰਾਕਿਰਤੀ ਸੁਹਪਣ ਦਾ ਵਹਾਉ ਹੈ। "'ਸ਼ਲੋਕ' ਆਪਣੇ ਸੰਸਕ੍ਰਿਤੀ ਅਰਥਾਂ ਦੇ ਨਾਲ ਹੀ ਪੰਜਾਬੀ ਵਿਚ ਸੰਖੇਪਤਾ ਦਾ ਲਖਾਇਕ ਭੀ ਹੈ। ਜਿਵੇਂ ਫ਼ਾਰਸੀ 'ਗ਼ਜ਼ਲ' ਵਿਚ ਹਰ ਸ਼ੇਅਰ ਇਕੱਲਾ ਹੀ ਆਪਣੇ ਆਪ ਵਿਚ ਇੱਕ ਪੂਰਨ ਖਿਆਲ ਨੂੰ ਰੂਪਮਾਨ ਕਰਦਾ ਹੈ। ਇਸੇ ਤਰ੍ਹਾਂ ਸਲੋਕ ਭੀ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਬਾਬਾ ਫ਼ਰੀਦ ਦੇ ਬਹੁਤ ਸਲੋਕ ਦੋ-ਦੋ ਤੁੱਕਾਂ ਦੇ ਹਨ। ... ਬਾਬਾ ਫ਼ਰੀਦ ਦੇ ਸਲੋਕਾਂ ਵਿਚ ਇਹ ਸੰਖੇਪਤਾ ਦਾ ਗੁਣ ਜਾਂ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੀ ਕਲਾ ਬੜੀ ਵਿਸ਼ੇਸ਼ ਰੂਪ ਵਿਚ ਉਘੜਦੀ ਹੈ।"[1] ਬਾਬਾ ਫ਼ਰੀਦ ਦੁਆਰਾ ਰਚਿਤ ਕੁਝ ਸਲੋਕਾਂ ਦਾ ਉਦਾਹਰਣ :-

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫ਼ਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ॥"

ਇਸ ਸ਼ਲੋਕ ਵਿਚ ਰੱਬੀ ਵਸਲ ਲਈ ਅਤਿ ਤੀਖ਼ਣ ਕਸਕ ਦਰਸਾਈ ਗਈ ਹੈ ਅਤੇ ਬਿਰਹਾ ਵਿਛੋੜੇ ਨੂੰ ਮਨੁੱਖ ਜੀਵਨ ਦਾ ਸੁਲਤਾਨ ਕਿਹਾ ਗਿਆ।

"ਰੁਖੀ ਸੁਖੀ ਖਾਇ ਕੇ ਠੰਡਾ ਪਾਣੀ ਪੀਉ॥
ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥"

ਇਸ ਸਲੋਕ ਵਿਚ ਸਬਰ ਦੀ ਅੰਦਰੂਨੀ ਤਾਕਤ ਦਾ ਜ਼ਿਕਰ ਹੈ।

"ਫ਼ਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ
ਕਬਹੀ ਚਲਿ ਨਾ ਆਇਆ ਪੰਜੇ ਵਖਤ ਮਸੀਤਿ॥"

ਫ਼ਰੀਦ ਜੀ ਨੇ ਇਸਲਾਮ ਦੀ ਸ਼ਰੀਅਤ ਦੇ ਮੁਤਾਬਿਕ ਪੰਜੇ ਵਕਤ ਦੀ ਮਸੀਤ ਵਿਚ ਨਿਮਾਜ਼ ਪੜਨ ਦੀ ਹਦਾਇਤ ਕੀਤੀ ਹੈ। ਇਸਲਾਮ ਦੇ ਧਾਰਮਿਕ, ਅਧਿਆਤਮਿਕ ਅਥਵਾ ਰਹੱਸਵਾਦੀ ਜੀਵਨ ਵਿਚ ਸ਼ਰੀਅਤ ਦੇ ਪਾਲਣ ਉੱਤੇ ਵਿਸ਼ੇਸ਼ ਬਲ ਦਿੱਤਾ ਹੈ। ਸ਼ਰੀਅਤ ਇਕ ਮੁਸਲਮਾਨ ਸਾਧਕ ਨੂੰ ਅਧਿਆਤਮਿਕ ਮਾਰਗ ਤੇ ਚੱਲਣ ਅਤੇ ਅਨੁਸ਼ਾਸਨ ਬੱਧ ਕਰਨ ਵਿਚ ਸਹਾਈ ਹੁੰਦੀ ਹੈ। ਆਪ ਦੀ ਬਾਣੀ ਦਾ ਮੂਲ ਸੁਰ ਅਧਿਆਤਮਿਕ ਤੇ ਨੈਤਿਕ ਹੈ।

## 4.2 ਹਜ਼ਰਤ ਨਿਜ਼ਾਮੂਦੀਨ ਔਲੀਆ

ਬਾਬਾ ਫ਼ਰੀਦ ਦੇ ਮੁਰੀਦਾਂ ਵਿਚੋਂ ਨਿਜ਼ਾਮੂਦੀਨ ਔਲੀਆ ਦਾ ਨਾਮ ਬਹੁਤ ਪ੍ਰਸਿੱਧ ਹੈ। ਆਪ ਦਾ ਅਸਲ ਨਾਮ ਸੱਯਦ ਮੁਹੰਮਦ ਸੀ। ਨਿਜ਼ਾਮੂਦੀਨ ਆਪ ਦਾ ਲਕਬ ਸੀ। ਆਪ ਨੂੰ ਸੁਲਤਾਨ-ਉਲ-ਮਸ਼ਾਈਖ ਖਾਂ (ਸ਼ਿਰੋਮਣੀ ਸੂਫ਼ੀ) ਮਹਿਬੂਬ-ਏ-ਇਲਾਹੀ (ਰੱਬ ਦਾ ਮਹਿਬੂਬ) ਆਦਿ ਵਿਸ਼ੇਸ਼ਣੀ ਨਾਮਾਂ ਨਾਲ ਜਾਣਿਆ ਜਾਂਦਾ ਹੈ।

[1] ਸ.ਸ. ਅਮੋਲ (ਸੰਪਾ.), ਬਾਬਾ ਫ਼ਰੀਦ : ਜੀਵਨ ਤੇ ਰਚਨਾ, ਪੰਨਾ 100.

ਹਜ਼ਰਤ ਨਿਜ਼ਾਮੁਦੀਨ ਔਲੀਆ ਦਾ ਜਨਮ 1238 ਈ. ਵਿਚ ਬਦਾਊਂ ਵਿਚ ਹੋਇਆ। ਆਪ ਦੇ ਪਿਤਾ ਖ਼ਵਾਜਾ ਅਹਿਮਦ ਅਤੇ ਮਾਤਾ ਬੀਬੀ ਜੁਲੈਖਾਂ ਸਨ। ਆਪ ਦੀ ਉੱਚ ਸਿੱਖਿਆ ਦਿੱਲੀ ਵਿਚ ਹੋਈ। "ਦਿੱਲੀ ਵਿਖੇ ਆਪ ਨੇ ਖਵਾਜਾ ਸਮਸ਼ੁੱਦੀਨ, ਮੌਲਾਨਾ ਅਮੀਨੁੱਦੀਨ ਤੇ ਮੌਲਾਨਾ ਕਮਾਲੁੱਦੀਨ ਜ਼ਾਹਿਦ ਤੋਂ ਸਿੱਖਿਆ ਪ੍ਰਾਪਤ ਕੀਤੀ।"[1] ਦਿੱਲੀ ਤੋਂ ਬਾਅਦ ਆਪ ਆਯੋਧਨ ਵਿਚ ਬਾਬਾ ਫ਼ਰੀਦ ਜੀ ਨੂੰ ਮਿਲੇ। ਆਪ ਬਾਬਾ ਫ਼ਰੀਦ ਦੇ ਅਧਿਆਤਮਿਕ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਨੂੰ ਆਪਣਾ ਅਧਿਆਤਮਿਕ ਗੁਰੂ ਧਾਰਨ ਕਰ ਲਿਆ। ਬਾਬਾ ਫ਼ਰੀਦ ਨੇ ਵੀ ਇਹਨਾਂ ਦੀ ਅੰਦਰੂਨੀ ਰੂਹਾਨੀਅਤ ਨੂੰ ਭਾਂਪਦੇ ਹੋਏ ਇਹਨਾਂ ਨੂੰ ਚਿਸ਼ਤੀ ਸੰਪ੍ਰਦਾਇ ਦਾ ਅਗਲਾ ਖਲੀਫ਼ਾ ਥਾਪਿਆ। "ਜਦੋਂ ਆਪ ਨੂੰ ਖਿਲਾਫ਼ਤ ਬਖ਼ਸ਼ੀ ਤਾਂ ਕਿਹਾ ਸੀ, 'ਨਿਜ਼ਾਮੁਦੀਨ ਵ ਦੁਨੀਆਂ ਜਿਸ ਦਾ ਭਾਵ ਸੀ ਅਧਿਆਤਮਿਕਤਾ ਅਤੇ ਸੰਸਾਰਿਕਤਾ ਦੇ ਪ੍ਰਬੰਧ ਨੂੰ ਸੰਭਾਲਣ ਵਾਲਾ ਪ੍ਰਬੰਧਕ।""[2] ਬਾਅਦ ਵਿਚ ਦਿੱਲੀ ਨੂੰ ਹੀ ਉਹਨਾਂ ਨੇ ਆਪਣਾ ਟਿਕਾਣਾ ਬਣਾ ਲਿਆ। ਆਪ ਚਿਸ਼ਤੀ ਸੰਪ੍ਰਦਾਇ ਦੇ ਪੈਰੋਕਾਰ ਸਨ। ਦਿੱਲੀ ਵਿਚ ਰਹਿੰਦਿਆਂ ਆਪ ਨੇ ਚਿਸ਼ਤੀ ਸੰਪ੍ਰਦਾਇ ਦੇ ਪ੍ਰਚਾਰ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਆਪ ਨੇ ਆਪਣੇ ਸੰਪ੍ਰਦਾਇ ਦਾ ਪ੍ਰਚਾਰ ਕੀਤਾ। ਸੁਲਤਾਨ ਕੁੱਤਬਦੀਨ ਮੁਬਾਰਕ ਸ਼ਾਹ ਨੇ ਆਪ ਨੂੰ ਦਿੱਲੀ ਛੱਡਣ ਦਾ ਹੁਕਮ ਦਿੱਤਾ। ਪਰ ਆਪ ਨੇ ਅੱਗੋਂ ਉਹਨਾਂ ਨੂੰ ਸੁਨੇਹਾ ਭੇਜਿਆ ਕਿ 'ਹਨੂਜ਼ ਦਿੱਲੀ ਦੂਰ ਅਸਤ' ਭਾਵ ਦਿੱਲੀ ਹਾਲੇ ਦੂਰ ਹੈ। ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿਚ ਹੀ ਸੁਲਤਾਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। 'ਦਿੱਲੀ ਅਜੇ ਦੂਰ ਹੈ' ਅਖਾਣ ਵਜੋਂ ਵੀ ਵਰਤਿਆ ਜਾਂਦਾ ਹੈ।

ਹਜ਼ਰਤ ਨਿਜ਼ਾਮੁਦੀਨ ਔਲੀਆ ਸਮਾਅ ਸੁਣਣ ਦੇ ਸ਼ੌਕੀਨ ਸਨ। ਇਨ੍ਹਾਂ ਦੀ ਖਾਨਕਾਹ ਵਿਚ ਸਮਾਅ ਦੀਆਂ ਮਹਿਫ਼ਲਾਂ ਆਮ ਹੁੰਦੀਆਂ ਸਨ। "ਉਨ੍ਹਾਂ ਦੇ ਜੀਵਨ ਸੰਬੰਧੀ ਲਿਖੀ ਪੁਸਤਕ 'ਸੀਰਤ-ਏ-ਨਿਜ਼ਾਮੀ' ਦੇ ਹਵਾਲੇ ਨਾਲ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਖਾਨਗਾਹ ਤੇ ਮੁਰੀਦਾਂ ਤੋਂ ਇਲਾਵਾ ਤਿੰਨ ਹਜ਼ਾਰ ਆਲਿਮ-ਫਾਜਿਲ ਅਤੇ ਦੋ ਸੌ ਕੱਵਾਲ ਹਮੇਸ਼ਾ ਰਹਿੰਦੇ ਸਨ।"[3]

ਹਜ਼ਰਤ ਨਿਜ਼ਾਮੁਦੀਨ ਦੇ ਸਮਾਅ ਸੁਨਣ ਸੰਬੰਧੀ ਮੁੱਲਾਂ-ਮੁਲਾਣਿਆਂ ਨੇ ਵਿਰੋਧ ਕਰਦਿਆਂ ਕਿਹਾ ਕਿ ਸਮਾਅ ਸੁਨਣਾ ਇਸਲਾਮੀ ਸ਼ਰੀਅਤ ਦੇ ਉਲਟ ਹੈ। ਇਸ ਗੱਲ ਦੀ ਸ਼ਿਕਾਇਤ ਉਹਨਾਂ ਨੇ ਉਸ ਸਮੇਂ ਦੇ ਬਾਦਸ਼ਾਹ ਗਿਆਸੁਦੀਨ ਤੁਗਲਕ ਕੋਲ ਕੀਤੀ। "ਬਾਦਸ਼ਾਹ ਨੇ ਕਿਲਾ ਤੁਗਲਕਾਬਾਦ ਵਿਖੇ ਇਕ ਮਹਿਜਰ ਬੁਲਵਾਇਆ। ਜਿਸ ਵਿਚ ਲਗਭਗ 253 ਉਲਮਾ ਸ਼ਰੀਕ ਹੋਏ। ਹਜ਼ਰਤ ਨਿਜ਼ਾਮੁਦੀਨ ਅਤੇ ਮਖ਼ਾਲਿਫ ਉਲਮਾ ਦੇ ਵਿਚਕਾਰ ਇਕ ਲੰਬੀ ਬਹਿਸ ਉਪਰੰਤ ਮਹਿਜਰ ਵਿਚ ਮੌਜੂਦ ਉਲਮਾ ਅਤੇ ਬਾਦਸ਼ਾਹ ਇਸ ਨਤੀਜੇ ਤੇ ਪੁੱਜੇ ਕਿ ਹਜ਼ਰਤ ਨਿਜ਼ਾਮੁਦੀਨ ਨੂੰ ਸਮਾਅ ਸੁਨਣ ਤੋਂ ਨਾ ਰੋਕਿਆ ਜਾਵੇ ਕਿਉਂਕਿ ਸਮਾਅ ਰੂਹਾਨੀ ਤਰੱਕੀ ਲਈ ਦਰਵੇਸ਼ਾਂ ਵਾਸਤੇ ਇਤਰਾਜਯੋਗ ਨਹੀਂ ਹੈ। ਇਹ ਤਾਂ ਉਦੋਂ ਇਤਰਾਜਯੋਗ ਹੈ ਜਦ

[1] ਤਲਵਾੜਾ, ਗੁਰਚਰਨ ਸਿੰਘ (ਪ੍ਰੋ.), *ਸੂਫ਼ੀਮਤ ਅਤੇ ਰੂਹਾਨੀਅਤ*, ਪੰਨਾ 212.
[2] ਉਹੀ, ਪੰਨਾ 211.
[3] ਹਬੀਬ, ਮੁਹੰਮਦ, *ਭਾਰਤ ਵਿਚ ਸੂਫ਼ੀਵਾਦ ਚੋਣਵੇ ਸੰਦਰਭ*, ਪੰਨਾ 69.

ਇੰਦਰੀਆਈ ਸੁੱਖ ਅਤੇ ਭੋਗ ਵਿਲਾਸ ਦੀ ਤ੍ਰਿਪਤੀ ਲਈ ਸੁਣਿਆ ਜਾਂਦਾ ਹੈ। ਆਪ ਸਮਾਅ ਦਾ ਸਰਵਣ ਅਧਿਆਤਮਿਕ ਤ੍ਰਿਪਤੀ ਲਈ ਕਰਦੇ ਸਨ।"[1]

ਹਜ਼ਰਤ ਨਿਜ਼ਾਮੁਦੀਨ ਅਰਬੀ, ਫ਼ਾਰਸੀ ਭਾਸ਼ਾ ਦੇ ਗਿਆਤਾ ਸਨ। ਆਪ ਉੱਚਕੋਟੀ ਦੇ ਵਿਦਵਾਨ ਬਹਿਤਰੀਨ ਸੰਗੀਤਕਾਰ, ਪ੍ਰਸਿੱਧ ਸੂਫ਼ੀ ਸੰਤ ਅਤੇ ਵਲੀ ਕਾਮਿਲ ਰਹੇ। ਇਹਨਾਂ ਦਾ ਵਿਚਾਰ ਸੀ ਕਿ ਜੇ ਕੋਈ ਵਿਅਕਤੀ ਥੋੜਾ ਖਾਵੇ, ਥੋੜਾ ਬੋਲੇ, ਥੋੜਾ ਸੌਂਵੇ ਤਾਂ ਉਹ ਸੂਫ਼ੀ ਸਾਧਨਾ ਵਿਚ ਕਮਾਲ ਹਾਸਿਲ ਕਰ ਸਕਦਾ ਹੈ। 'ਮਹਿਬੂਬ-ਏ-ਇਲਾਹੀ' ਅਤੇ ਸੁਲਤਾਨ-ਉਲ-ਔਲੀਆ ਪੁਸਤਕਾਂ ਵਿਚ ਨਿਜ਼ਾਮੁਦੀਨ ਦੀ ਸਖਸ਼ੀਅਤ ਦਾ ਬਿਉਰਾ ਮਿਲਦਾ ਹੈ। ਆਪ ਦੀ ਦਿਲਚਸਪੀ ਸਿਰਫ ਤੇ ਸਿਰਫ ਅਧਿਆਤਮ ਵੱਲ ਸੀ। ਹਜ਼ਰਤ ਦਾਤਾ ਗੰਜ ਬਖਸ਼ ਦੁਆਰਾ ਲਿਖਿਤ ਪੁਸਤਕ 'ਕਸਫ-ਉਲ-ਮਹਿਜੂਬ' ਪੜ੍ਹਿਆ ਕਰਦੇ ਸਨ ਤੇ ਕਿਹਾ ਕਰਦੇ ਸਨ ਜਿਸਦਾ ਕੋਈ ਪੀਰ ਨਹੀਂ ਉਸ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ, ਰਹਿਨੁਮਾਈ ਹਾਸਿਲ ਹੋ ਜਾਵੇਗੀ।"[2]

ਹਜ਼ਰਤ ਨਿਜ਼ਾਮੁਦੀਨ ਦੀ ਪ੍ਰਸਿੱਧੀ ਦੇ ਕਾਰਨ ਇਹਨਾਂ ਦਾ ਆਪਣਾ ਵੱਖਰਾ ਸੰਪ੍ਰਦਾਇ ਨਿਜ਼ਾਮੀਆਂ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਹਨਾਂ ਦੀ ਖਾਨਕਾਹ ਗਰੀਬਾਂ, ਮਸਕੀਨਾਂ, ਵਿਧਵਾਵਾਂ ਅਤੇ ਯਤੀਮਾਂ ਲਈ ਘਰ ਵਾਂਗ ਸੀ। ਇਹਨਾਂ ਦੇ ਸੰਪ੍ਰਦਾਇ ਵਿਚ ਬਸੰਤ ਦਾ ਉਸਤਵ ਵੀ ਮਨਾਇਆ ਜਾਂਦਾ ਹੈ ਜੋ ਕਿ ਹਿੰਦੂ ਉਸਤਵ ਹੈ। ਇਕ ਧਾਰਨਾ ਦੇ ਅਨੁਸਾਰ ਇਕ ਵਾਰ ਹਜ਼ਰਤ ਨਿਜ਼ਾਮੁਦੀਨ ਦੇ ਸ਼ਗਿਰਦ ਅਮੀਰ ਖੁਸਰੋ ਹਿੰਦੂਆਂ ਦੇ ਮੰਦਿਰ ਕੋਲੋਂ ਗੁਜ਼ਰ ਰਹੇ ਸਨ ਤੇ ਉਹਨਾਂ ਨੇ ਦੇਖਿਆ ਕਿ ਉਹ ਲੋਕ ਆਪਣੇ ਦੇਵਤਾ ਦੀ ਪੀਲੇ ਫੁੱਲਾਂ ਨਾਲ ਪੂਜਾ ਕਰ ਰਹੇ ਸਨ। ਇਹਨਾਂ ਨੇ ਵੀ ਕੁਝ ਪੀਲੇ ਫੁੱਲ ਲਏ ਅਤੇ ਆਪਣੇ ਮੁਰਸ਼ਦ ਦੇ ਪੈਰਾਂ ਵਿਚ ਰੱਖ ਦਿੱਤੇ। ਉਦੋਂ ਤੋਂ ਹੀ ਇਹਨਾਂ ਦੇ ਸੰਪ੍ਰਦਾਇ ਵਿਚ ਬਸੰਤ ਦਾ ਉਸਤਵ ਮਾਨਉਣ ਦੀ ਰੀਤ ਹੈ ਅਤੇ ਬਸੰਤ ਉਤਸਵ ਵਿਚ ਰੰਗ ਗਾਇਨ ਦੀ ਪਰੰਪਰਾ ਹੈ। ਹਜ਼ਰਤ ਨਿਜ਼ਾਮੁਦੀਨ ਦੀ ਦਿੱਲੀ ਵਿਚ ਮਾਨਤਾ ਅਤੇ ਮਹਾਨਤਾ ਦੇ ਕਾਰਨ ਹੀ ਦਿੱਲੀ ਦੇ ਰੇਲਵੇ ਸਟੇਸ਼ਨ ਦਾ ਨਾਮ ਇਹਨਾਂ ਦੇ ਨਾਮ ਤੇ ਨਿਜ਼ਾਮੁਦੀਨ ਰੱਖਿਆ ਗਿਆ ਹੈ।

ਹਜ਼ਰਤ ਬੂ ਅਲੀ ਕਲੰਦਰ ਹਜ਼ਰਤ ਨਿਜ਼ਾਮੁਦੀਨ ਦੇ ਸਮਕਾਲੀ ਸਨ। ਕਈ ਲੋਕ ਹਜ਼ਰਤ ਬੂ ਅਲੀ ਕਲੰਦਰ ਨੂੰ ਇਹਨਾਂ ਦੇ ਮੁਰੀਦ ਵੀ ਕਹਿੰਦੇ ਸਨ ਅਤੇ ਨਿਜ਼ਾਮੀਆ ਸੰਪ੍ਰਦਾਇ ਨਾਲ ਜੋੜਦੇ ਹਨ।

ਨਿਜ਼ਾਮੁਦੀਨ ਔਲੀਆ ਦੀ ਦਿੱਲੀ ਸਥਿਤ ਦਰਗਾਹ ਤੇ ਲੱਖਾਂ ਸ਼ਰਧਾਲੂ ਆਉਂਦੇ ਹਨ ਤੇ ਸੂਫ਼ੀ ਸਾਧਕ ਝੂੰਮ-ਝੂੰਮ ਕੇ ਤਾੜੀਆਂ ਮਾਰ-ਮਾਰ ਕੇ ਉਹਨਾਂ ਦੀ ਯਾਦ ਵਿਚ ਕੱਵਾਲੀ ਗਾਇਨ ਕਰਦੇ ਹਨ। ਵਿਦੇਸ਼ਾਂ ਤੋਂ ਵੀ ਕਲਾਕਾਰ ਸੂਫ਼ੀ ਕਲਾਮ ਦਾ ਗਾਇਨ ਕਰਕੇ ਆਪਣੀ ਹਾਜ਼ਰੀ ਲਗਵਾਉਂਦੇ ਹਨ "ਦਿੱਲੀ ਵਾਲੇ ਆਪਕੋ 'ਸੁਲਤਾਨ ਜੀ' ਕਹਿਤੇ ਹੈ। ਦਿੱਲੀ ਮੇਂ ਆਪਕੇ ਮਜ਼ਾਰ ਪਰ ਪ੍ਰਤੀਵਰਸ਼ ਏਕ ਵਿਰਾਟ ਉਰਸ ਕਾ ਆਯੋਜਨ ਕਈ ਦਿਨੋਂ ਤਕ ਹੋਤਾ ਹੈ। ...ਆਪ ਕੇ ਨਾਮ ਸੇ ਏਕ ਗੇਅ ਪਦ ਬੜਾ ਪ੍ਰਸਿੱਧ ਹੈ, ਜੋ ਜਹਾਂ ਪੇਸ਼ ਹੈ।

---

[1] ਹਬੀਬ, ਮੁਹੰਮਦ, *ਭਾਰਤ ਵਿਚ ਸੂਫ਼ੀਵਾਦ ਚੋਣਵੇ ਸੰਦਰਭ*, ਪੰਨਾ 70.
[2] ਤਲਵਾੜਾ, ਗੁਰਚਰਨ ਸਿੰਘ (ਪ੍ਰੋ.), *ਸੂਫ਼ੀਮਤ ਅਤੇ ਰੂਹਾਨੀਅਤ*, ਪੰਨਾ 213.

ਪਰਬਤ ਬਾਂਸ ਮੰਗਾਵ ਮੋਰੇ ਬਾਬੁਲ, ਨੀਕੇ ਮੰਡਵਾ ਛਾਂਵ ਰੇ
ਸੋਨਾ ਦੀਨਹਾ, ਰੂਪਾ ਦੀਨਹਾ, ਬਾਬੁਲ ਦਿਲ ਦਰਿਆਵ ਰੇ।
ਹਾਥੀ ਦੀਨਹਾ, ਘੋੜਾ ਦੀਨਹਾ, ਬਹੁਤ ਬਹੁਤ ਮਨ ਚਾਵ ਰੇ।
ਡੋਲਿਆ ਫੰਦਾਹ ਪਿਆ ਲੈ ਚਲਿਹੈਂ, ਅਬ ਸੰਗ ਨਹੀਂ ਕੋਈ ਆਵ ਰੇ।
ਗੁੜੀਆ ਖੇਲਨ ਮਾਂ ਕੇ ਘਰ ਰਹ ਗਈ, ਨਹਿ ਖੇਲਨ ਕੋ ਦਾਂਵ ਰੇ।
ਨਿਜ਼ਾਮੁਦੀਨ ਔਲਿਆ ਬਹਿਆਂ ਪਕਰ ਚਲੇ, ਧਰਿਹੋਂ ਵਾਕੇ ਪਾਂਵ ਰੇ।"[1]

## 4.3 ਅਮੀਰ ਖੁਸਰੋ

ਅਮੀਰ ਖੁਸਰੋ ਚਿਸ਼ਤੀ ਸੂਫ਼ੀ ਨਿਜ਼ਾਮ-ਉਦ-ਦੀਨ ਔਲੀਆ ਦੇ ਪ੍ਰਮੁੱਖ ਮੁਰੀਦ ਸਨ। ਅਮੀਰ ਖੁਸਰੋ ਦਾ ਜਨਮ 1253 ਈ. ਵਿਚ ਉੱਤਰ ਪ੍ਰਦੇਸ਼ ਦੇ ਏਟਾ ਜਿਲ੍ਹੇ ਵਿਚ ਪਟਿਆਲੀ ਨਾਮਕ ਸਥਾਨ ਵਿਚ ਹੋਇਆ। ਇਨ੍ਹਾਂ ਦੇ ਪਿਤਾ ਅਮੀਰ ਸੈਫੂਦੀਨ ਮਹਿਮੂਦ ਤੁਰਕ ਨਿਵਾਸੀ ਅਤੇ ਇਨ੍ਹਾਂ ਦੀ ਮਾਤਾ ਹਿੰਦੂ ਸੀ। ਅਮੀਰ ਖੁਸਰੋ ਦਾ ਬਚਪਨ ਦਾ ਨਾਮ ਮਾਤਾ-ਪਿਤਾ ਨੇ ਅਬੁਲ ਹਸਨ ਰੱਖਿਆ। ਬਚਪਨ ਵਿਚ ਅਮੀਰ ਖੁਸਰੋ ਦੇ ਪਿਤਾ ਇਕ ਯੁੱਧ ਵਿਚ ਮਾਰੇ ਗਏ ਅਤੇ ਇਨ੍ਹਾਂ ਦਾ ਪਾਲਣ ਪੋਸ਼ਣ ਇਨ੍ਹਾਂ ਦੇ ਨਾਨਾ ਦੀ ਦੇਖਰੇਖ ਵਿਚ ਹੋਇਆ। ਤੁਰਕੀ ਪਿਤਾ ਅਤੇ ਭਾਰਤੀ ਮਾਤਾ ਦੇ ਨਸਲੀ ਰਲੇਵੇਂ ਨੇ ਅਮੀਰ ਖੁਸਰੋ ਨੂੰ ਭਾਰਤੀ ਅਤੇ ਈਰਾਨੀ ਸੰਸਕ੍ਰਿਤੀ ਨੂੰ ਜਾਨਣ ਵਿਚ ਪੂਰਨਤਾ ਪ੍ਰਦਾਨ ਕੀਤੀ।

ਅਮੀਰ ਖੁਸਰੋ ਨੇ ਛੋਟੀ ਉਮਰ ਵਿਚ ਹੀ ਸ਼ੇਖ ਨਿਜ਼ਾਮੁਦੀਨ ਔਲੀਆ ਦੀ ਮੁਰੀਦੀ ਹਾਸਿਲ ਕਰ ਲਈ ਸੀ। ਇਨ੍ਹਾਂ ਦੀ ਕਾਵਿ ਰਚਨਾਤਮਕ ਸ਼ਕਤੀ ਅਦਭੁਤ ਸੀ। ਜਦੋਂ ਇਹ ਪਹਿਲੀ ਵਾਰ ਸ਼ੇਖ ਨਿਜ਼ਾਮੁਦੀਨ ਔਲੀਆ ਨੂੰ ਮਿਲੇ ਤਾਂ ਇਨ੍ਹਾਂ ਨੇ ਉਹਨਾਂ ਦੀ ਖਿਦਮਤ ਵਿਚ ਦੋ ਸਿਅਰਾਂ ਦੀ ਰਚਨਾ ਕੀਤੀ ਜਿਸ ਤੋਂ ਨਿਜ਼ਾਮੁਦੀਨ ਔਲੀਆ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਨੇ ਇਨ੍ਹਾਂ ਨੂੰ ਆਪਣਾ ਸ਼ਗਿਰਦ ਮੰਨ ਲਿਆ। ਹਜ਼ਰਤ ਨਿਜ਼ਾਮੁਦੀਨ ਔਲੀਆ ਦੇ ਫ਼ਕੀਰਾਨਾ ਅੰਦਾਜ਼ ਦੇ ਕਾਰਨ ਲੋਕ ਇਨ੍ਹਾਂ ਨੂੰ 'ਸੁਲਤਾਨ ਜੀ' ਕਹਿੰਦੇ ਸਨ। "ਬਾਂਰਹ ਵਰਸ਼ ਦੀ ਅਲਪ ਆਯੂ ਸੇ ਹੀ ਕਵਿਤਾ ਕਰਨਾ ਆਰੰਭ ਕਰ ਦਿਆ ਥਾ। ਹਰ ਪ੍ਰਕਾਰ ਕੀ ਸਿਕਸ਼ਾ-ਦੀਕਸ਼ਾ ਸਦਗੁਰੂ ਹਜ਼ਰਤ ਸੁਲਤਾਨ ਜੀ ਕੇ ਚਰਣੋਂ ਮੇਂ ਬੈਠਕਰ ਹੁਈ। ਅਰਬੀ, ਫ਼ਾਰਸੀ, ਹਿੰਦੀ, ਤੁਰਕੀ ਸਮੇਤ ਅਨੇਕ ਭਾਸ਼ਾਓਂ ਕੇ ਜਾਨਕਰ ਵ ਸਾਹਿਤਕਾਰ ਥੇ।"[2]

"ਖੁਸਰੋ ਤਾਂ ਬਚਪਨ ਤੋਂ ਹੀ ਤਿੱਖੀ ਬੁੱਧੀ ਵਾਲਾ ਸੀ ਅਤੇ ਕਲਾਵਾਂ ਦਾ ਬਹੁਤ ਸ਼ੌਕੀਨ ਸੀ ਜਿਸ ਕਰਕੇ ਕਵਿਤਾ, ਸੰਗੀਤ, ਚਿਤਰਕਲਾ, ਭਾਸ਼ਾ ਆਦਿ ਵੱਲ ਵਿਸ਼ੇਸ਼ ਰੁਚੀ ਸੀ। ਖੁਸਰੋ ਨੇ ਆਪਣੇ ਜੀਵਨ ਵਿਚ ਭਿੰਨ-ਭਿੰਨ ਵਿਸ਼ਿਆਂ ਉੱਤੇ 99 ਪੁਸਤਕਾਂ ਲਿਖੀਆਂ ਜੋ ਬਹੁਤ ਹੀ ਮਹੱਤਵਪੂਰਨ ਮੰਨੀਆਂ ਜਾਂਦੀਆਂ ਹਨ।"[3]

---

[1] ਸੰਗੀਤ, ਜਨਵਰੀ 2013, ਪੰਨਾ 129.
[2] ਸੰਗੀਤ, ਮੁਸਲਮਾਨ ਔਰ ਭਾਰਤੀਏ ਸੰਗੀਤ ਅੰਕ, ਪੰਨਾ 129.
[3] ਸਿੰਘ, ਕੰਵਰ ਮ੍ਰਿਗੇਂਦਰ, ਵਾਦਨ ਸਾਗਨ, ਭਾਗ ਦੂਜਾ, ਪੰਨਾ 17.

ਅਮੀਰ ਖੁਸਰੋ ਨੇ ਉਤਰੀ ਭਾਰਤੀ ਸੰਗੀਤ ਵਿਚ ਈਰਾਨੀ ਸੰਗੀਤ ਦੇ ਮਿਸ਼ਰਣ ਨਾਲ ਲੌਕਿਕ ਅਤੇ ਅਲੌਕਿਕ ਸੰਗੀਤ ਦੇ ਮਿਸ਼ਰਣ ਵਜੋਂ ਭਗਤੀ ਅੰਦੋਲਨ ਵਿਚ ਵੀ ਆਪਣਾ ਯੋਗਦਾਨ ਪਾ ਕੇ ਦੋ ਅਲੱਗ ਸੰਸਕ੍ਰਿਤੀਆਂ ਭਾਵ ਭਾਰਤੀ ਅਤੇ ਮੁਸਲਿਮ ਸੰਸਕ੍ਰਿਤੀ ਨੂੰ ਇਕੱਤਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਅਮੀਰ ਖੁਸਰੋ ਦੀ ਇਸ ਮਿਸ਼ਰਤ ਸੰਗੀਤਕ ਸ਼ੈਲੀ ਵਜੋਂ ਹੀ ਉੱਤਰੀ ਭਾਰਤੀ ਸੰਗੀਤ 'ਹਿੰਦੁਸਤਾਨੀ ਸੰਗੀਤ' ਵਜੋਂ ਜਾਣਿਆ ਜਾਂਦਾ ਹੈ। ਅਮੀਰ ਖੁਸਰੋ ਅਜਿਹੀ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ ਜਿਨ੍ਹਾਂ ਨੂੰ ਅਰਬੀ ਅਤੇ ਫ਼ਾਰਸੀ ਭਾਸ਼ਾ ਦੇ ਇਲਾਵਾ ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਵੀ ਗਿਆਨ ਸੀ। "ਵਿਦਵਾਨੋਂ ਕਾ ਯਹ ਸੰਮਲਿਤ ਨਿਰਣੈ ਹੈ ਕਿ ਅਰਬੀ ਫ਼ਾਰਸੀ ਔਰ ਭਾਰਤੀ ਸੰਗੀਤ ਕਾ ਮਿਸ਼ਰਣ ਅਮੀਰ ਖੁਸਰੋ ਨੇ ਹੀ ਕਿਆ।"[1]

ਅਮੀਰ ਖੁਸਰੋ ਈਰਾਨੀ ਅਤੇ ਹਿੰਦੁਸਤਾਨੀ ਸੰਗੀਤ ਦੇ ਗਿਆਤਾ ਸਨ। ਅਮੀਰ ਖੁਸਰੋ ਨੂੰ ਕੱਵਾਲੀ, ਕੌਲ, ਕੱਲਬਾਨਾ, ਨਕਸ ਨਿਗਾਰ, ਨਕਸ਼ ਗੁਲ, ਤਰਾਨਾ, ਬਸੀਤ, ਗ਼ਜ਼ਲ, ਖਿਆਲ ਆਦਿ ਦਾ ਆਵਿਸ਼ਕਾਰਕਰਤਾ ਮੰਨਿਆ ਜਾਂਦਾ ਹੈ। "ਹਿੰਦੀ ਗ਼ਜ਼ਲ ਕੀ ਸ਼ੁਰੂਆਤ ਅਮੀਰ ਖੁਸਰੋ ਸੇ ਮਾਨੀ ਜਾਤੀ ਹੈ। ਖੁਸਰੋ ਕੀ ਪ੍ਰਸਿੱਧ ਗ਼ਜ਼ਲ ਮੇਂ ਏਕ ਪੰਕਤੀ ਹਿੰਦੀ ਕੀ ਹੈ, ਦੂਸਰੀ ਫ਼ਾਰਸੀ ਕੀ। ਵਿਦਵਾਨੋਂ ਨੇ ਗ਼ਜ਼ਲ ਕੇ ਇਸ ਤਰਹ ਕੇ ਵਿਧਾਨ ਕੋ ਅਮੀਰ ਖੁਸਰੋ ਕੀ ਵਿਨੋਦਵਰਿਤੀ ਕਾ ਪਰਿਚਾਅਕ ਮਾਨਾ ਹੈ। ਗ਼ਜ਼ਲ ਇਸ ਪ੍ਰਕਾਰ ਹੈ

"ਜੇ ਹਾਲੇ ਮਿਸ਼ਕੀਂ ਮਕੁਨ ਤਗਾਫੁਲ ਦੁਰਾਏ ਨੈਨਾ ਬਨਾਏ ਬਤੀਆ
ਕਿ ਤਾਬੇ ਹਿਜ਼ਰਾ ਨ ਦਰਮ ਏ ਜਾ, ਨ ਲੇਹੂ ਕਾਹੇ ਲਗਾਇ ਛਤੀਆ"[2]

ਕੁਝ ਇਤਿਹਾਸਕਾਰ ਇਸ ਨਾਲ ਸਹਿਮਤ ਨਹੀਂ ਹਨ ਪ੍ਰੰਤੂ ਜੋ ਵੀ ਹੋਵੇ ਅਮੀਰ ਖੁਸਰੋ ਨੇ ਇਹਨਾਂ ਗਾਇਕੀਆਂ ਦੇ ਪ੍ਰਚਾਰ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ। "ਖੁਸਰੋ ਨੇ ਭਾਰਤੀਏ ਵਾ ਤੁਰਕੀ-ਈਰਾਨੀ ਸੰਗੀਤ ਸ਼ੈਲੀਓਂ ਕਾ ਸਮਨਵਅ ਕਰਤੇ ਹੁਏ ਨਈਂ ਗਾਇਨ ਸ਼ੈਲੀਓਂ ਕਾ ਪ੍ਰਾਦੁਰਭਾਵ ਕੀਆ। ਜੈਸੇ ਕੌਲ, ਤਰਾਨਾ, ਨਕਸ਼ ਨਿਗਾਰ, ਬਸੀਤ, ਤਿੱਲਾਨਾ, ਫ਼ਰਦ, ਫ਼ਾਰਸੀ ਤਥਾ ਸੋਹਲਾ। ਯੇ ਸਭੀ ਦਿੱਲੀ ਕੀ ਭਾਸ਼ਾ 'ਦੇਸੀ' ਮੇਂ ਰਚਿਤ ਥੀਂ। ਇਸ ਪ੍ਰਕਾਰ ਹਿੰਦੁਸਤਾਨੀ ਸੰਗੀਤ ਕੀ ਅਧਾਰਸ਼ਿਲਾ ਖੁਸਰੋ ਨੇ ਰਖੀ।"[3]

"ਆਜ ਕੁਛ ਭੀ ਕਹਾ ਜਾਏ, ਪਰੰਤੂ ਪੂਰਵੋਤਕ ਤੱਥ ਯਹ ਸਿਧ ਕਰਤੇ ਹੈਂ ਕਿ ਅਰਬ ਵਿਦਵਾਨ ਭਾਰਤੀਏ ਸੰਗੀਤ ਕੇ ਅਤਿਅੰਤ ਪ੍ਰਸ਼ੰਸਕ ਥੇ, ਉਸੇ ਸੀਖਨੇ ਕੇ ਲਿਏ ਉਤਸੁਕ ਥੇ ਔਰ ਖੁਸਰੋ ਜੈਸੇ ਭਾਰਤ ਮੇਂ ਉਤਪੰਨ, ਪ੍ਰਤਿਭਾਸ਼ਾਲੀ ਮੁਸਲਮਾਨੋਂ ਕੋ ਭਾਰਤੀਏ ਸੰਗੀਤ ਮੇਂ ਸਰਵਸ੍ਰੇਸ਼ਟ ਹੋਨੇ ਪਰ ਗਰਵ ਥਾ।"[4]

ਅਮੀਰ ਖੁਸਰੋ ਨੇ ਕਈ ਨਵੇਂ ਰਾਗ ਜਿਵੇਂ ਕਿ ਯਮਨ, ਤੋੜੀ, ਪੂਰਬੀ, ਰਾਤ ਦੀ ਪੂਰੀਆ, ਸਾਜਗਿਰੀ, ਸਰਪਰਦਾ, ਸੁਹਾਨਾ ਆਦਿ ਦੀ ਰਚਨਾ ਕੀਤੀ ਅਤੇ ਰਾਗ ਵਰਗੀਕਰਨ ਦੀ ਮੁਕਾਮ ਪਦਿੱਤੀ ਦਾ

---

1 ਗੋਸਵਾਮੀ, ਸੁਨੀਲ (ਡਾ.), ਸੂਫ਼ੀ ਸੰਗੀਤ- ਰਾਗ ਪਰੰਪਰਾ ਕੇ ਸੰਦਰਭ ਮੇਂ, ਪੰਨਾ 24.
2 ਅਮਿਤਾਬ, ਵੇਦ ਪ੍ਰਕਾਸ਼ (ਡਾ.), ਰਾਵਤ ਬਦਾਮ ਸਿੰਘ (ਡਾ.), ਹਿੰਦੀ ਗ਼ਜ਼ਲ : ਸੰਦਰਭ ਔਰ ਸਾਰਥਕਤਾ, ਪੰਨਾ 9.
3 ਸੰਗੀਤ, ਮੁਸਲਮਾਨ ਔਰ ਭਾਰਤੀਏ ਸੰਗੀਤ ਅੰਕ, ਜਨਵਰੀ 2013, ਪੰਨਾ 37.
4 ਸੰਗੀਤ, ਜਨਵਰੀ 2013, ਪੰਨਾ 90.

ਪ੍ਰਚਾਰ ਕੀਤਾ। "ਭਾਰਤੀਏ ਸੰਗੀਤ ਪਰ ਮੁਸਲਮਾਨੋਂ ਕਾ ਪ੍ਰਮੁੱਖ ਪ੍ਰਭਾਵ ਰਾਗੋਂ ਕਾ ਈਰਾਨੀ ਦ੍ਰਿਸ਼ਟੀ ਸੇ ਵਰਗੀਕਰਨ ਹੈ।"[1] ਸੂਫ਼ੀਆਂ ਦੇ ਭਾਰਤ ਵਿਚ ਪ੍ਰਵੇਸ਼ ਦੇ ਨਾਲ ਹੀ ਭਾਰਤ ਵਿਚ ਭਾਰਤੀ ਰਾਗਾਂ ਦੇ ਨਾਲ-ਨਾਲ ਈਰਾਨੀ ਰਾਗਾਂ ਦਾ ਵੀ ਪ੍ਰਵੇਸ਼ ਹੋ ਗਿਆ ਸੀ। ਅਮੀਰ ਖੁਸਰੋ ਦਾ ਈਰਾਨੀ ਅਤੇ ਭਾਰਤੀ ਸੰਗੀਤ ਦੇ ਜਾਣਕਾਰ ਹੋਣ ਕਾਰਨ ਹੀ ਉਹਨਾਂ ਨੇ ਈਰਾਨੀ ਸੰਗੀਤਕਾਰਾਂ ਅਤੇ ਭਾਰਤੀ ਸੰਗੀਤਕਾਰਾਂ ਨੂੰ ਇਕੱਠੇ ਕਰਕੇ ਮੁਕਾਮ ਪਦਿੱਤੀ ਬਣਾਈ। ਅਮੀਰ ਖੁਸਰੋ ਨੂੰ ਸਿਤਾਰ ਅਤੇ ਤਬਲੇ ਦਾ ਅਵਿਸ਼ਕਾਰਕ ਵੀ ਮੰਨਿਆ ਜਾਂਦਾ ਹੈ। "ਅਮੀਰ ਖੁਸਰੋ ਏਕ ਮਹਾਨ ਸਾਹਿਤਕਾਰ ਹੀ ਨਹੀਂ ਅਪਿਤੂ ਏਕ ਕੁਸ਼ਲ ਗਾਇਕ ਵ ਸੰਗੀਤਕਾਰ ਭੀ ਥੇ ਤਥਾ ਉਨਕੋ ਚੰਗ, ਰਬਾਬ ਵ ਬਰਬਤ ਵਾਦਨ ਮੇਂ ਮਹਾਰਤ ਹਾਸਿਲ ਥੀ।"[2]

ਅਮੀਰ ਖੁਸਰੋ ਨੇ ਰਾਗਾਂ, ਗਾਇਨ ਸ਼ੈਲੀਆਂ ਅਤੇ ਵਾਦਾਂ ਦੇ ਆਵਿਸ਼ਕਾਰ ਦੇ ਨਾਲ ਕਈ ਨਵੀਨ ਤਾਲਾਂ ਦੀ ਵੀ ਰਚਨਾ ਕੀਤੀ ਜਿਵੇਂ ਕਿ ਝੂਮਰਾ, ਸੂਲ਼ਫ਼ਾਕ, ਪਸ਼ਤੋ, ਖਸਮਾ, ਆੜਾ ਚੌਤਾਲ, ਸਵਾਰੀ, ਜਤ, ਫਰਦੋਸ਼ਤ ਆਦਿ।

ਅਮੀਰ ਖੁਸਰੋ ਦੀਆਂ ਰਚਨਾਵਾਂ ਸੰਗੀਤਕ ਅਤੇ ਅਧਿਆਤਮਿਕ ਗੁਣਾਂ ਨਾਲ ਭਰਭੂਰ ਸਨ। ਇਨ੍ਹਾਂ ਦੀ ਰਚਨਾਵਾਂ ਵਿਚ ਏਨੀ ਕਸ਼ਿਸ਼ ਹੈ ਕਿ ਅੱਜਕਲ ਵੀ ਇਨ੍ਹਾਂ ਦੀਆਂ ਰਚਨਾਵਾਂ ਸੁਨਣ ਨੂੰ ਮਿਲਦੀਆਂ ਹਨ। ਫਿਲਮ ਉਮਰਾਉਜਾਨ ਵਿਚ 'ਕਾਹੇ ਜੋ ਬਿਆਹੀ ਬਿਦੇਸ ਅਰੇ ਲਖੀਆ ਬਾਬਲ ਮੋਰੇ' ਇਸੇ ਤਰ੍ਹਾਂ ਹੀ ਫਿਲਮ 'ਮੈਂ ਤੁਲਸੀ ਤੇਰੇ ਆਂਗਨ ਕੀ ਵਿਚ 'ਛਾਪ ਤਿਲਕ ਸਬ ਛੀਨੀ ਮੋਸੇ ਨੈਨਾ ਮਿਲਾਇ ਕੇ' ਹਰ ਇੱਕ ਦੇ ਦਿਲੋਂ ਦਿਮਾਗ ਤੇ ਛਾਏ ਹਨ। ਅਮੀਰ ਖੁਸਰੋ ਦੀਆਂ ਰਚਨਾਵਾਂ ਵਿਚ ਤਸੱਵੁਫ਼ ਦੇ ਰੰਗ ਸਦਕਾ ਹੀ ਇਹ ਅੱਜ ਵੀ ਮਜ਼ਾਰਾਂ ਤੇ ਦਰਗਾਹਾਂ ਤੇ ਸ਼ਰਧਾਪੂਰਵਕ ਗਾਈਆਂ ਜਾਂਦੀਆਂ ਹਨ। ਪ੍ਰੰਤੂ ਫ਼ਿਲਮਾਂ ਵਿਚ ਉਹਨਾਂ ਦੀਆਂ ਰਚਨਾਵਾਂ ਦਾ ਗਾਇਆ ਜਾਣਾ ਤਾਂ ਬੜੇ ਮਾਣ ਵਾਲੀ ਗੱਲ ਹੈ ਪ੍ਰੰਤੂ ਫਿਲਮ 'ਗੁਲਾਮੀ' ਵਿਚ ਉਹਨਾਂ ਦੀ ਫ਼ਾਰਸੀ ਤੇ ਹਿੰਦੀ ਦੋ ਜੁਬਾਨਾ ਦੀ ਸਾਂਝੀ ਰਚਨਾ ਨੂੰ ਤੋੜ-ਮਰੋੜ ਕੇ ਉਸਦੇ ਅਧਿਆਤਮਿਕ ਰੰਗ ਨੂੰ ਭੰਗ ਕਰਨਾ ਜਚਦਾ ਨਹੀਂ ਹੈ।

ਅਮੀਰ ਖੁਸਰੋ ਆਪਣੇ ਗੁਰੂ ਨਿਜ਼ਾਮੁਦੀਨ ਔਲੀਆ ਤੋਂ ਏਨੇ ਪ੍ਰਭਾਵਿਤ ਸਨ ਕਿ ਉਹਨਾਂ ਨੇ ਆਪਣੇ ਗੁਰੂ ਦੀ ਮੌਤ ਤੋਂ ਬਾਅਦ ਇਹ ਇੱਛਾ ਜਾਹਿਰ ਕੀਤੀ ਕਿ ਉਹਨਾਂ ਦੀ ਕਬਰ ਵੀ ਉਹਨਾਂ ਦੇ ਗੁਰੂ ਦੇ ਚਰਨਾਂ ਵਿਚ ਹੀ ਬਣਾਈ ਜਾਵੇ। ਨਿਜ਼ਾਮੁਦੀਨ ਔਲੀਆ ਦੀ ਮੌਤ ਦਾ ਉਹਨਾਂ ਨੂੰ ਏਨਾ ਗਹਿਰਾ ਸਦਮਾ ਲੱਗਾ ਕਿ ਕੁਝ ਮਹੀਨੇ ਬਾਅਦ ਹੀ ਉਹ ਵੀ ਅੱਲ੍ਹਾਂ ਨੂੰ ਪਿਆਰੇ ਹੋ ਗਏ ਅਤੇ ਉਹਨਾਂ ਦੀ ਇੱਛਾ ਦੇ ਅਨੁਸਾਰ ਉਹਨਾਂ ਦੀ ਕਬਰ ਵੀ ਗੁਰੂ ਨਿਜ਼ਾਮੁਦੀਨ ਔਲੀਆ ਦੇ ਕੋਲ ਹੀ ਬਣਾਈ ਗਈ। ਨਿਜ਼ਾਮੁਦੀਨ ਔਲੀਆ ਦੇ ਉਰਸ ਦੇ ਮੌਕੇ ਤੇ ਅੱਜ ਵੀ ਉਹਨਾਂ ਦੀ ਮਜ਼ਾਰ ਤੇ ਕਲਾਕਾਰ ਲੋਕ ਅਮੀਰ ਖੁਸਰੋ ਦੀਆਂ ਰਚਨਾਵਾਂ ਗਾ ਕੇ ਨਿਜ਼ਾਮੁਦੀਨ ਔਲੀਆ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ। ਇਹੀ ਨਹੀਂ ਬਲਕਿ ਹਰ ਦਰਗਾਹ, ਮਜ਼ਾਰ ਤੇ ਅਮੀਰ ਖੁਸਰੋ ਦੀ ਰਚਨਾ

[1] ਬ੍ਰਹਿਸਪਤੀ, ਅਚਾਰਿਆ, ਮੁਸਲਮਾਨ ਔਰ ਭਾਰਤੀਏ ਸੰਗੀਤ, ਪੰਨਾ 24.
[2] ਸੰਗੀਤ, ਮੁਸਲਮਾਨ ਔਰ ਭਾਰਤੀਏ ਸੰਗੀਤ ਅੰਕ, ਜਨਵਰੀ 2013.

"ਮਨ ਕੁੰਤੋ ਮੌਲਾ

ਫਾ ਹਾਜੀ ਅਲੀ ਮੌਲਾ"

ਤੋਂ ਹੀ ਸਮਾਅ ਦਾ ਆਗਾਜ਼ ਹੁੰਦਾ ਹੈ। ਅਮੀਰ ਖੁਸਰੋ ਦੀ ਵਿਲੱਖਣ ਸ਼ਖਸ਼ੀਅਤ ਨੂੰ ਸਤਿਕਾਰਦੇ ਹੋਏ ਪਦਮ ਸ੍ਰੀ ਮੁਜੱਫ਼ਰ ਅਲੀ ਦੇ ਨਿਰਦੇਸ਼ਨ ਹੇਠ 2001 ਤੋਂ International Festival 'ਜਹਾਨ-ਏ-ਖੁਸਰੋ' ਦਾ ਆਗਾਜ਼ ਹੋਇਆ ਹੈ ਜਿਸ ਵਿਚ ਦੇਸ਼-ਵਿਦੇਸ਼ ਦੇ ਕਲਾਕਾਰ ਸ਼ਾਮਿਲ ਹੁੰਦੇ ਹਨ। ਸੂਫ਼ੀ ਗਾਇਕੀ ਦਾ ਹਰੇਕ ਕਲਾਕਾਰ ਜਿਵੇਂ ਕਿ ਆਬਿਦਾ ਪਰਵੀਨ, ਸਨਮ ਮਾਰਵੀ, ਦੇਵਸੀ ਸਹਿਗਲ, ਉਸਤਾਦ ਸਫ਼ਾਕਤ ਅਲੀ ਖਾਂ, ਮੀਤਾ ਪੰਡਿਤ, ਨਿਜ਼ਾਮੀ ਬ੍ਰਦਰਜ਼, ਜਿਲਾ ਖਾਨ ਆਦਿ ਨੇ 'ਜ਼ਹਾਨ-ਏ-ਖੁਸਰੋ' ਫੈਸਟੀਵਲ ਵਿਚ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ ਹੈ।

## 4.4 ਸੰਤ ਕਬੀਰ

ਸੰਤ ਕਬੀਰ ਦਾ ਕਾਲ ਚੌਦਵੀਂ-ਪੰਦਰਵੀਂ ਸਦੀ ਸਵੀਕਾਰਿਆ ਗਿਆ ਹੈ। ਇਹਨਾਂ ਦੇ ਜਨਮ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹੈ। ਕੁਝ ਵਿਦਵਾਨ ਇਹਨਾਂ ਦਾ ਜਨਮ 1440 ਕੁਝ 1398 ਵਿਚ ਹੋਇਆ ਮੰਨਦੇ ਹਨ। ਸੰਤ ਕਬੀਰ ਗੁਰੂ ਨਾਨਕ ਜੀ ਦੇ ਸਮਕਾਲੀ ਸਨ। ਸੰਤ ਕਬੀਰ ਜੀ ਜਾਤ ਬਾਰੇ ਵੀ ਲੋਕਾਂ ਦੇ ਬੜੇ ਭਿੰਨ-ਭਿੰਨ ਮਤ ਹਨ। ਕਈ ਇਤਿਹਾਸਕਾਰ ਇਹਨਾਂ ਨੂੰ ਹਿੰਦੂ ਅਤੇ ਕੋਈ ਮੁਸਲਮਾਨ ਮੰਨਦਾ ਹੈ। ਇਕ ਧਾਰਨਾ ਦੇ ਅਨੁਸਾਰ ਸੰਤ ਕਬੀਰ ਇਕ ਵਿਧਵਾ ਬ੍ਰਾਹਮਣੀ ਦੀ ਸੰਤਾਨ ਸਨ ਪਰ ਉਹ ਔਰਤ ਸਮਾਜ ਦੇ ਤਾਅਨਿਆਂ-ਮਿਹਣਿਆਂ ਤੋਂ ਬਚਣ ਲਈ ਜਨਮ ਤੋਂ ਬਾਅਦ ਇਹਨਾਂ ਨੂੰ ਤਲਾਬ ਦੇ ਕੰਢੇ ਛੱਡ ਆਈ ਜਿੱਥੇ ਇਹਨਾਂ ਨੂੰ ਇਕ ਨਿਰਸੰਤਾਨ ਮੁਸਲਮਾਨ ਜੋੜਾ ਨੀਮਾ ਅਤੇ ਨੀਰੂ ਜੋ ਜਾਤ ਦੇ ਜੁਲਾਹੇ ਸਨ ਨੇ ਚੁੱਕ ਲਿਆ ਤੇ ਇਹਨਾਂ ਦਾ ਪਾਲਣ ਪੋਸ਼ਣ ਕੀਤਾ। ਇਹਨਾਂ ਦਾ ਨਾਂ ਵੀ ਉਹਨਾਂ ਨੇ ਮੁਸਲਮਾਨੀ ਸੰਬੰਧ ਵਿਚ ਕਬੀਰ ਰੱਖਿਆ। ਕਬੀਰ ਨਾਂ ਇਹਨਾਂ ਦੇ ਵਿਅਕਤੀਤਵ ਦੇ ਹਿਸਾਬ ਨਾਲ ਬਹੁਤ ਢੁਕਵਾਂ ਲਗਦਾ ਹੈ। ਕਿਉਂਕਿ ਕਬੀਰ ਸ਼ਬਦ ਦਾ ਅਰਥ ਹੁੰਦਾ ਹੈ ਵੱਡਾ ਜਾਂ ਮੁੱਖੀ। ਇਹ ਸਚਮੁੱਚ ਹੀ ਸੱਚ ਦੇ ਰਾਹ ਤੇ ਚੱਲਣ ਵਾਲੇ ਮੁਖੀ ਸਨ। ਕਬੀਰ ਜੀ ਜਾਤ ਦੇ ਜੁਲਾਹੇ ਸਨ ਇਹਨਾਂ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚਲਦਾ ਸੀ। ਇਸ ਤੰਗੀ ਕਰਕੇ ਇਹਨਾਂ ਨੂੰ ਪੜ੍ਹਾਈ ਦਾ ਅਵਸਰ ਨਹੀਂ ਮਿਲਿਆ।

ਕਬੀਰ ਜੀ ਛੋਟੀ ਉਮਰ ਤੋਂ ਹੀ ਸੰਤਾਂ ਫ਼ਕੀਰਾਂ ਦੀਆਂ ਮਜਲਿਸਾਂ ਵਿਚ ਜਾਂਦੇ ਅਤੇ ਉਹਨਾਂ ਦੇ ਅਧਿਆਤਮਿਕ ਵਿਚਾਰਾਂ ਨੂੰ ਸੁਣਦੇ ਸਨ ਜਿਨ੍ਹਾਂ ਦੇ ਕਾਰਨ ਉਹਨਾਂ ਦੀ ਆਪਣੀ ਲਿਵ ਵੀ ਉਸ ਪ੍ਰਮਾਤਮਾ ਨਾਲ ਲਗਣੀ ਸ਼ੁਰੂ ਹੋਈ। ਪਰ ਸਮਾਜਿਕ ਅਤੇ ਰਾਜਨੈਤਿਕ ਪਰਿਸਥਿਤੀਆਂ ਦੇ ਚਲਦਿਆਂ ਉਹ ਹਿੰਦੂ, ਮੁਸਲਮਾਨ ਦੇ ਝਗੜਿਆਂ ਜਾਤ-ਪਾਤ ਦੇ ਭੇਦ-ਭਾਵ ਤੋਂ ਬਹੁਤ ਤੰਗ ਸਨ ਕਿਉਂਕਿ ਉਹ ਆਪ ਵੀ ਨੀਵੀਂ ਜਾਤ ਦੇ ਜੁਲਾਹੇ ਸਨ। "ਸਮਾਜ ਮੇਂ ਬਹੁਤ ਸੀ ਭਾਰਮਕ ਮਾਨਤਾਂਏ ਔਰ ਰੂੜੀਆਂ ਵੇਦ ਔਰ ਕੁਰਾਨ ਕੇ ਨਾਮ ਪਰ ਪ੍ਰਚਲਿਤ ਹੈਂ। ਪੁਰੋਹਿਤੋਂ ਔਰ ਮੌਲਵਿਓਂ ਕੇ ਲਿਏ ਵੇਦ ਤਥਾ ਕੁਰਾਨ ਸਮਾਜਿਕ-ਧਾਰਮਿਕ ਰੂੜੀਵਾਦ ਕੇ ਜਾਲ ਕੋ ਅਧਿਕ ਕਠੋਰ ਔਰ ਮਜ਼ਬੂਤ ਬਨਾਨੇ ਕੇ ਪਵਿਤਰ ਸਰੋਤ ਰਹੇ ਹੈਂ। ਇਸ ਲਿਏ ਕਬੀਰ ਲੋਕ ਮੇਂ ਪ੍ਰਚਲਿਤ ਧਾਰਮਿਕ ਰੂੜੀਵਾਦ ਕੇ ਸਾਥ-ਸਾਥ ਉਸਕੇ ਮੂਲ ਸਰੋਤੋਂ ਪਰ ਭੀ ਆਕ੍ਰਮਣ ਕਰਤੇ

ਹੈ, ਯਹੀ ਨਹੀਂ, ਵੇ ਏਕ ਕਦਮ ਆਗੇ ਬੜਕਰ ਜੀਵਨ ਕੇ ਅਨੁਭਵ ਔਰ ਉਸ ਸੇ ਪਾਏ ਸਤਅ ਕੋ ਸ਼ਾਸਤਰ ਔਰ ਉਸਸੇ ਅਧਿਕ ਪ੍ਰਮਾਣਿਤ ਮਾਨਤੇ ਹੈਂ। "[1]

"ਤੂ ਕਹਤਾ ਕਾਮਦ ਕੀ ਲੇਖੀ
ਮੈਂ ਕਹਤਾ ਆਖਨ ਕੀ ਦੇਖੀ"

ਕਬੀਰ ਜੀ ਭਾਰਤੀ ਦਰਸ਼ਨ, ਧਰਮ ਅਤੇ ਸਾਹਿਤ ਦੀ ਵਿਸ਼ਾਲ ਪਰੰਪਰਾ ਦੇ ਪੰਡਿਤ ਸਨ। ਇਹਨਾਂ ਦੇ ਕਾਵਿ ਵਿਚ ਸਮਾਜਿਕ ਚੇਤਨਾ ਵੀ ਭਰਭੂਰ ਹੈ।

ਕਬੀਰ ਜੀ ਸੰਤ ਪ੍ਰਵਿਰਤੀ ਦੇ ਮਾਲਕ ਸਨ। ਉਹਨਾਂ ਨੇ ਨਿਰਗੁਣ ਸੰਤ ਪਰੰਪਰਾ ਦਾ ਅਨੁਕਰਣ ਕੀਤਾ। ਕਬੀਰ ਜੀ ਨੇ ਆਪਣੇ ਨਿਜ ਦੇ ਅਧਿਆਤਮਿਕ ਅਤੇ ਰੂਹਾਨੀ ਰਹੱਸਾਂ ਨੂੰ ਕਾਵਿ ਬੱਧ ਕੀਤਾ। ਕਬੀਰ ਬਾਣੀ ਦੇ ਕਾਵਿ ਦਾ ਮੂਲ ਰੂਪ ਪ੍ਰਾਚੀਨ ਭਾਰਤੀ ਅਧਿਆਤਮਵਾਦੀ ਪਰੰਪਰਾ ਦੇ ਬਹੁਤ ਨੇੜੇ ਹੈ।

ਕਬੀਰ ਜੀ ਨੇ ਇਕ ਬ੍ਰਹਮ ਦੀ ਭਗਤੀ, ਉਪਾਸਨਾ ਦਾ ਮਾਰਗ ਦਸਦਿਆਂ ਪਿਆਰ ਅਤੇ ਸਹਿਨਸ਼ੀਲਤਾ ਨਾਲ ਅੰਦਰੂਨੀ ਰੂਹਾਨੀ ਸ਼ਕਤੀ ਰਾਹੀਂ ਪ੍ਰਭੂ ਨੂੰ ਆਤਮਾ ਵਿਚੋਂ ਹੀ ਲੱਭਣ ਦੀ ਪ੍ਰੇਰਣਾ ਦਿੱਤੀ ਹੈ। ਉਹਨਾਂ ਦੇ ਵਿਚਾਰ ਅਨੁਾਰ ਪ੍ਰਭੂ ਪ੍ਰਮਾਤਮਾ ਘਟ ਘਟ ਵਿਚ ਵਾਸ ਕਰਦਾ ਹੈ। ਉਹ ਇਸ ਦ੍ਰਿਸ਼ਟਮਾਨ ਜਗਤ ਦੇ ਚੱਪੇ-ਚੱਪੇ ਨੂੰ ਇਕ ਹੀ ਮਾਲਕ ਦਾ ਪਾਸਾਰਾ ਮੰਨਦੇ ਹਨ। ਉਹ ਆਪ ਹੀ ਕਰਤਾ ਹੈ ਅਤੇ ਆਪ ਹੀ ਭੁਗਤਾ, ਇਹ ਆਧਾਰ ਉਨ੍ਹਾਂ ਦੀ ਰਹੱਸ ਅਨੁਭੂਤੀ ਹੈ

"ਕਹੁ ਕਬੀਰ ਸੁਨਹੁ ਨਰ ਭਾਈ
ਰਾਮ ਨਾਮ ਬਿਨੁ ਕਿਨਿ ਗਤਿ ਪਾਈ"

ਕਬੀਰ ਜੀ ਸਮੂਹ ਜਨ ਨੂੰ ਸੰਬੋਧਨ ਕਰਦੇ ਹੋਏ ਫਰਮਾਉਂਦੇ ਹਨ ਕਿ ਹੇ ਭਾਈ ਤੁਸੀਂ ਰਾਮ, ਨਾਮ ਦਾ ਸਿਮਰਨ ਕਰੋ। ਸਿਮਰਨ ਦੇ ਬਿਨਾਂ ਮੁਕਤੀ ਸੰਭਵ ਨਹੀਂ। ਮੁਕਤੀ ਲਈ ਹੀ ਅਸੀਂ ਕੜੀ ਸਾਧਨਾ ਤਪੱਸਿਆ ਕਰਦੇ ਹਾਂ, ਪਰ ਨਾਮ ਹੀ ਇਕੋ ਇੱਕ ਸਹਾਰਾ ਹੈ। ਜਿਸ ਦਾ ਲੜ ਫੜ੍ਹ ਕੇ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ।

ਸੰਤ ਕਬੀਰ ਜੀ ਬਾਰੇ ਇਕ ਕਥਾ ਪ੍ਰਚਲਿਤ ਹੈ ਕਿ ਇਕ ਵਾਰ ਉਹਨਾਂ ਨੂੰ ਮਿਲਣ ਲਈ ਕੋਈ ਸੂਫ਼ੀ ਫ਼ਕੀਰ ਬਹੁਤ ਦੂਰੋਂ ਆਇਆ, ਪਰ ਸਾਰੀ ਰਾਤ ਉਹ ਫ਼ਕੀਰ ਤੇ ਕਬੀਰ ਜੀ ਬਿਲਕੁਲ ਚੁਪ-ਚਾਪ ਹੀ ਰਹੇ। ਜਦੋਂ ਉਹਨਾਂ ਨੂੰ ਇਹ ਪੁਛਿਆ ਗਿਆ ਕਿ ਤੁਹਾਨੂੰ ਮਿਲਣ ਲਈ ਇਹ ਫ਼ਕੀਰ ਕਿੰਨੀ ਦੂਰੋਂ ਆਇਆ ਹੈ ਤੇ ਤੁਸੀਂ ਉਸ ਫ਼ਕੀਰ ਨਾਲ ਕੋਈ ਗੱਲਬਾਤ ਕਿਉਂ ਨਹੀਂ ਕੀਤੀ ਤਾਂ ਉਹਨਾਂ ਨੇ ਜੁਆਬ ਦਿੱਤਾ ਕਿ ਅਸੀਂ ਅਧਿਆਤਮ ਦੇ ਡੂੰਘੇ ਸਾਗਰ ਦਾ ਸਫ਼ਰ ਤੈਅ ਕੀਤਾ ਹੈ। ਜੇਕਰ ਇਸ ਰੂਹਾਨੀ ਅਨੁਭਵ ਨੂੰ ਮੈਂ ਬੋਲ ਕੇ ਦੱਸਾਂਗਾ ਤਾਂ ਫ਼ਰਕ ਆ ਜਾਵੇਗਾ ਤੇ ਅਸਲ ਭਾਵ ਦੀ ਅਨੁਭੂਤੀ ਨਹੀਂ ਹੋ ਸਕੇਗੀ। ਅਸੀਂ ਚੁੱਪ ਰਹਿ ਕੇ ਇੱਕ ਦੂਸਰੇ ਨਾਲ ਰੂਹਾਨੀ ਸਾਂਝ ਦੀ ਅਨੁਭੂਤੀ ਕੀਤੀ ਹੈ।

---

1 ਪਾਂਡੇਅ ਮੈਨੇਜਰ, ਭਕਤੀ ਆਂਦੋਲਨ ਔਰ ਸੂਰਦਾਸ ਕਾ ਕਾਵਿ, ਪੰਨਾ 31.

ਭਗਤ ਕਬੀਰ ਜੀ ਹਿੰਦੂ ਮਤ ਤੇ ਇਸਲਾਮੀ ਮਤ ਦੋਵਾਂ ਦੇ ਵਿਕਾਰਾਂ ਤੋਂ ਦੂਰ ਅਤੇ ਦੋਹਾਂ ਹੀ ਧਰਮਾਂ ਦੇ ਉੱਚ ਵਿਚਾਰਾਂ ਤੋਂ ਪ੍ਰਭਾਵਿਤ ਰਹੇ। ਉਹਨਾਂ ਨੇ ਉਚ-ਨੀਚ, ਜਾਤ-ਪਾਤ, ਧਾਰਮਿਕ ਅਤੇ ਸਮਾਜਿਕ ਮਸਲਿਆਂ ਤੋਂ ਉੱਪਰ ਉਠ ਕੇ ਅਧਿਆਤਮਿਕ ਤੇ ਰਹੱਸਵਾਦੀ ਮੰਜ਼ਿਲ ਵੱਲ ਰਾਹ ਕੀਤਾ।

"ਹਮਰਾ ਝਗਰਾ ਰਹਾ ਨਾ ਕੋਊ॥
ਪੰਡਿਤ ਮੁਲਾਂ ਛਾਡੇ ਦੋਊ॥1॥ਰਹਾਉ॥
ਬੁਨਿ ਬੁਨਿ ਆਪ ਆਪੁ ਪਹਿਰਾਵਾਉ॥
ਜਹ ਨਹੀ ਆਪੁ ਤਹਾ ਕੋਇ ਗਾਵਉ॥2॥
ਪੰਡਿਤ ਮੁਲਾਂ ਜੋ ਲਿਖਿ ਦੀਆ॥
ਛਾਡਿ ਚਲੇ ਹਮ ਕਛੂ ਨਾ ਲੀਆ॥3॥"

ਸੰਤ ਕਬੀਰ ਜੀ ਨੇ ਸੰਸਾਰਿਕ ਕਰਮਕਾਂਡਾ ਦੀ ਨਖੇਧੀ ਕਰਦਿਆਂ ਹੋਇਆ ਲਿਖਿਆ ਹੈ।

"ਦੁਨੀਆ ਹੋ ਗਈ ਬਾਂਵਰੀ, ਪੱਥਰ ਪੂਜਨ ਜਾਇ,
ਘਰ ਕੀ ਚੱਕੀ ਨ ਪੂਜੈ, ਜਿਸਕਾ ਪੀਸਾ ਖਾਇ।"

ਕਬੀਰ ਜੀ ਸਮਾਜਿਕ ਕੁਰੀਤੀਆਂ ਦੇ ਖੰਡਕ ਸਨ। ਕਬੀਰ ਜੀ ਨੇ ਸਤ ਰੂਪੀ ਪਰਮਸੱਤ ਦਾ ਅਨੁਭਵ ਕਰਦਿਆਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵਧ ਰਹੇ ਪਾੜੇ ਨੂੰ ਦੂਰ ਕਰਕੇ ਉਹਨਾਂ ਵਿਚ ਏਕਤਾ ਭਾਵ ਪੈਦਾ ਕਰਨ ਦਾ ਯਤਨ ਕੀਤਾ। ਸੰਤ ਕਬੀਰ ਦੀ ਇਹ ਰਚਨਾ ਵਹਦਤ ਉਲ ਵਜੂਦ ਦੀ ਵਿਚਾਰਧਾਰਾ ਦੀ ਹਾਮੀ ਭਰਦੀ ਹੈ -

"ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ
ਏਕ ਨੂਰ ਤੇ ਸਭ ਜਗ ਉਪਜਿਆ, ਕਉਣ ਭਲੇ ਕੌਣ ਮੰਦੇ"

ਕਬੀਰ ਜੀ ਲਿਖਦੇ ਹਨ ਕਿ ਸਾਰਾ ਸੰਸਾਰ ਇਕੋ ਹੀ ਪਰਮਪਿਤਾ ਦੀ ਅੰਸ ਹਨ। ਇਕੋ ਹੀ ਨੂਰ ਤੋਂ ਉਪਜਿਆ ਹੈ। ਇਸ ਲਈ ਸਾਰੇ ਹੀ ਸੰਸਾਰਿਕ ਪ੍ਰਾਣੀ ਚੰਗੇ ਹਨ। ਕਬੀਰ ਜੀ ਜਾਤ-ਪਾਤ ਦੇ ਵਿਤਕਰੇ ਦੀ ਕੜੀ ਆਲੋਚਨਾ ਕਰਦੇ ਸਨ।

"ਜੋ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ
ਤਉ ਔਰ ਬਾਟ ਕਾਹੇ ਨਹੀਂ ਆਇਆ
ਤੁਮ ਕਤ ਬ੍ਰਾਹਮਣ ਹਮ ਕਤ ਸੂਦ
ਹਮ ਕਤ ਲੋਹੂ ਤੁਮ ਕਤ ਦੂਧ"

ਇਹਨਾਂ ਸਭ ਜਾਤ-ਪਾਤ, ਧਰਮਾਂ ਦੇ ਪਾੜਿਆ ਤੋਂ ਉੱਪਰ ਉੱਠ ਕੇ ਪ੍ਰਮਾਤਮਾ ਦੀ ਭਗਤੀ ਤੇ ਜ਼ੋਰ ਦਿੱਤਾ।

"ਜੋ ਜਨ ਲੇਹਿ ਖਸਮ ਕਾ ਨਾਉ
ਤਿਨਕੈ ਸਦ ਬਲਿਹਾਰੈ ਜਾਉ॥੧॥
ਸੋ ਨਿਰਮਲ ਨਿਰਮਲ ਹਰਿ ਗੁਨਗਾਵੈ
ਸੋ ਭਾਈ ਮੇਰੈ ਮਨਿ ਭਾਵੈ॥1॥ਰਹਾਉ॥"

ਉਪਰੋਕਤ ਕਾਵਿ ਵਿਚ ਪ੍ਰਭੂ ਭਗਤੀ ਦੀ ਮਹੱਤਤਾ ਦਸਦੇ ਹੋਏ ਕਿਹਾ ਗਿਆ ਹੈ ਕਿ ਜੋ ਮਨੁੱਖ ਪ੍ਰਮਾਤਮਾ ਦੀ ਓਟ ਆਸਰਾ ਲੈਂਦੇ ਹਨ ਪ੍ਰਭੂ ਵੀ ਉਹਨਾਂ ਤੋਂ ਬਲਿਹਾਰੇ ਜਾਂਦਾ ਹੈ ਅਤੇ ਜੋ ਹਰੀ ਦਾ ਨਾਮ ਜਪਦੇ ਹਨ ਸੋ ਹੀ ਮੇਰੇ ਬਹੁਤ ਨੇੜੇ ਹੁੰਦੇ ਹਨ। ਹਰੀ ਨਾਮ ਜਪਣ ਲਈ ਪ੍ਰਹਿਲਾਦ ਦੀ ਉਦਾਹਰਣ ਦਿੱਤੀ ਹੈ।

"ਰਾਮ ਜਪਉ ਜੀਅ ਐਸੇ ਐਸੇ।
ਧ੍ਰੂ ਪ੍ਰਹਿਲਾਦ ਜਪਿਉ ਹਰਿ ਜੈਸੇ
ਦੀਨ ਦਇਆਲ ਭਰੋਸੇ ਤੇਰੇ।
ਸਭ ਪਰਵਾਰ ਚੜਾਇਆ ਬੇੜੇ॥1॥ਰਹਾਉ॥"

ਭਗਤ ਕਬੀਰ ਜੀ ਸ਼੍ਰੋਮਣੀ ਭਗਤ ਮੰਨੇ ਗਏ ਹਨ। ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਦੀ ਬਾਣੀ ਸੰਕਲਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੀ ਬਾਣੀ ਦਾ ਸੰਕਲਨ ਇਹ ਸਿੱਧ ਕਰਦਾ ਹੈ ਕਿ ਭਗਤ ਜੀ ਦੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਮੂਲ ਰੂਪ ਵਿਚ ਇੱਕੋ ਜਿਹੇ ਅਧਿਆਤਮਿਕ ਭਾਵਾਂ ਦੀ ਤਰਜਮਾਨੀ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਭਗਤ ਕਬੀਰ ਜੀ ਦੀ ਬਾਣੀ ਨੂੰ ਕਸੌਟੀ ਤੇ ਖਰੇ ਉਤਰਦਿਆਂ ਦੇਖਦੇ ਹੋਏ ਸਭ ਭਗਤਾਂ ਦੀ ਬਾਣੀ ਤੋਂ ਪਹਿਲਾਂ ਸਥਾਨ ਦਿੱਤਾ। ਕਬੀਰ ਜੀ ਦੀ ਬਾਣੀ ਆਕਾਰ ਪੱਖੋਂ ਵੀ ਹੋਰ ਭਗਤਾਂ ਦੀ ਬਾਣੀ ਤੋਂ ਅਧਿਕ ਹੈ। "ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਦੇ ਸੰਤ ਕਬੀਰ ਜੀ ਦੀ, ਨਾਮਦੇਵ ਜੀ ਦੀ ਅਤੇ ਗੁਰੂ ਰਵਿਦਾਸ ਆਦਿ ਸੰਤਾਂ ਭਗਤਾਂ ਦੀ ਬਾਣੀ ਇਕੱਤਰ ਕਰ ਲਈ ਸੀ। ਪਰ ਕਬੀਰ ਬਾਣੀ ਨੂੰ ਲੋਕ ਪ੍ਰਿਅ ਹੋਣ ਦਾ ਆਧਾਰ ਉਨ੍ਹਾਂ ਦੀ ਬਾਣੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਜਾਣਾ ਹੈ।"[1]

"ਸਲੋਕ ਭਗਤ ਕਬੀਰ ਜੀਉ ਕੇ : ਇਸ ਸਿਰਲੇਖ ਅਧੀਨ ਕੁਲ 243 ਸਲੋਕ ਦਰਜ ਹਨ। ਇਨ੍ਹਾਂ ਵਿਚੋਂ ਪੰਜ ਸਲੋਕ (ਅੰਕ 209-11, 214 ਅਤੇ 221) ਗੁਰੂ ਅਰਜਨ ਦੇਵ ਦੇ ਹਨ ਅਤੇ ਇਕ ਸਲੋਕ (ਅੰਕ 220) ਗੁਰੂ ਅਮਰਦਾਸ ਦਾ ਹੈ।"[2]

ਭਾਵ ਕਬੀਰ ਜੀ ਦੇ ਸਲੋਕਾਂ ਵਿਚ ਹੀ 209, 210, 211, 214, 220, 221 ਸਲੋਕ ਭਗਤ ਕਬੀਰ ਜੀ ਦੇ ਨਹੀਂ ਹਨ। ਇਸੇ ਕਰਕੇ ਹੀ ਕਈ ਲੇਖਕ ਉਹਨਾਂ ਦੇ ਸਲੋਕਾਂ ਦੀ ਗਿਣਤੀ ਵਿਚ ਭੁਲੇਖਾ ਖਾਂਦੇ ਹਨ।

"ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਕਬੀਰ ਕੀ ਸਾਖਿਓਂ (ਸਲੋਕੋਂ) ਕੀ ਸੰਖਿਆ 243 ਹੈ। ਕਬੀਰ ਗ੍ਰੰਥਾਵਲੀ ਮੇਂ ਕੇਵਲ 162 ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਕੀ ਪਦ ਸੰਖਿਆ 228 ਹੈ, ਕਬੀਰ ਗ੍ਰੰਥਾਵਲੀ ਮੇਂ 222 ਹੈ। ਇਸ ਪ੍ਰਕਾਰ ਕਬੀਰ ਗ੍ਰੰਥਾਵਲੀ ਮੇਂ 36 ਸਾਖੀਆਂ (ਸਲੋਕ) ਔਰ 6 ਪਦ ਨਹੀਂ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਂ ਹੈ।"[3]

---

1 ਸੇਵਾ ਸਿੰਘ (ਸੰਪਾ.), ਕਬੀਰ ਬਾਣੀ, ਪਾਠ ਤੇ ਪ੍ਰਸੰਗ, ਪੰਨਾ 82.
2 ਜੱਗੀ, ਰਤਨ ਸਿੰਘ, ਗੁਰੂ ਗ੍ਰੰਥ ਵਿਸ਼ਵ ਕੋਸ਼, ਪੰਨਾ 166.
3 ਵਰਮਾ, ਰਾਜ ਕੁਮਾਰ, ਸੰਤ ਕਬੀਰ, ਪੰਨਾ 30.

ਭਗਤ ਕਬੀਰ ਜੀ ਦੇ ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 17 ਰਾਗਾਂ ਅਤੇ 8 ਉਪਰਾਗਾਂ ਵਿਚ ਅੰਕਿਤ ਹਨ।

"ਮਹਾਂਪੁਰਸ਼ ਸੰਤ ਕਬੀਰ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 229 ਪਦ, 17 ਰਾਗਾਂ ਅਤੇ 8 ਉਪਰਾਗਾਂ ਵਿਚ ਅੰਕਤ ਕੀਤੇ ਪ੍ਰਾਪਤ ਹੁੰਦੇ ਹਨ ਜਦੋਂ ਕਿ 243 ਸਲੋਕ ਰਾਗ ਸਿਰਲੇਖ ਤੋਂ ਮੁਕਤ ਹਨ।"[1]

ਇਹਨਾਂ ਦੀ ਬਾਣੀ ਵਿਚ ਮੁਖ ਰਾਗ ਸਿਰੀ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਵੀ, ਬਸੰਤ, ਸਾਰੰਗ ਅਤੇ ਪ੍ਰਭਾਤੀ ਹਨ।

ਭਗਤ ਕਬੀਰ ਜੀ ਨੇ ਆਪਣੀ ਸੰਗੀਤਕ ਕਾਵਿ ਰਚਨਾ ਵਿਚ ਅਧਿਆਤਮ ਦੇ ਮਾਰਗ ਉੱਤੇ ਚਲਦਿਆਂ ਨਾਮ ਸਿਮਰਨ ਨੂੰ ਇੱਕ ਅਤਿ ਉੱਤਮ ਸਾਧਨ ਦੱਸਿਆ ਹੈ। ਨਾਮ ਸਿਮਰਨ ਲਈ ਕਬੀਰ ਜੀ ਨੇ ਸੰਗੀਤਕ ਨਾਦ ਦੀ ਮਹੱਤਤਾ ਨੂੰ ਸਮਝਦੇ ਹੋਏ ਆਪਣੀ ਬਾਣੀ ਨੂੰ ਰਾਗਾਂ ਦੇ ਅਧੀਨ ਅੰਕਿਤ ਕੀਤਾ ਹੈ। ਭਗਤ ਕਬੀਰ ਜੀ ਨੇ ਆਪਣੀ ਕਾਵਿ ਰਚਨਾ ਨੂੰ ਸੰਗੀਤ ਰਾਹੀਂ ਜਨ ਮਾਨਸ ਤੱਕ ਪਹੁੰਚਾ ਕੇ ਅਲੌਕਿਕ ਜਗਤ ਦੇ ਰਹੱਸਵਾਦੀ ਭੇਦਾਂ ਨੂੰ ਖੋਲਿਆ ਹੈ।

"ਕਬੀਰ ਦੁਆਰਾ ਰਚਿਤ ਸਾਖਿਆਂ ਵ ਰਮੈਨਿਆ ਮੁਸਲਿਮ ਵ ਹਿੰਦੂ ਸਮਾਜ ਮੇਂ ਪੂਰਵ ਸ਼ਰਧਾ ਸਹਿਤ ਗਾਈ ਜਾਤੀ ਹੈਂ। ਇਨਕੀ ਰਚਨਾਓਂ ਕੋ ਕੁਮਾਰ ਗੰਧਰਵ ਵ ਪੰ. ਭੀਮਸੇਨ ਜੋਸ਼ੀ ਜੈਸੇ ਮਹਾਨ ਗਾਇਕੋਂ ਨੇ ਗਾਇਆ ਹੈ। ਇਨਕੀ ਲਗਭਗ 200 ਸੇ ਭੀ ਅਧਿਕ ਸਾਖਿਆਂ ਸਿੱਖੋਂ ਕੇ 'ਆਦਿ ਗ੍ਰੰਥ' ਵਿਚ ਸੰਗ੍ਰਹਿਤ ਹੈ।"[2]

ਕਬੀਰ ਜੀ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਹੀ ਬਹੁਤ ਲੋਕਪ੍ਰਿਅ ਹਨ। ਹਿੰਦੂਆਂ ਦੇ ਮੰਦਿਰਾਂ ਅਤੇ ਮੁਸਲਮਾਨਾਂ ਦੀਆਂ ਦਰਗਾਹਾਂ ਤੇ ਕਬੀਰ ਜੀ ਦੇ ਦੋਹੇ ਬਹੁਤ ਹੀ ਆਦਰ ਸਤਿਕਾਰ ਨਾਲ ਪੜ੍ਹੇ ਜਾਂਦੇ ਹਨ। ਉਹਨਾਂ ਦੀ ਲੋਕਪ੍ਰਿਅਤਾ ਦੇ ਕਾਰਨ ਉਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਚਵਾਨੀ ਅਤੇ ਨਿਰੰਜਨਪੰਥੀ ਸੰਕਲਨਾਂ ਵਿਚ ਸੰਗ੍ਰਹਿਤ ਹੈ।

## 4.5 ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ: ਵਿਚ ਮਾਤਾ ਤ੍ਰਿਪਤਾ ਦੀ ਕੁੱਖੋਂ ਹੋਇਆ। ਇਹਨਾਂ ਦੇ ਪਿਤਾ ਮਹਿਤਾ ਕਾਲੂ ਬੇਦੀ ਕੁਲ ਦੇ ਸਨ। ਆਪ ਦੇ ਪਿਤਾ ਨੇ ਆਪ ਜੀ ਨੂੰ ਸੱਤ ਸਾਲ ਦੀ ਉਮਰ ਵਿਚ ਪਾਂਧੇ ਕੋਲ ਪੜ੍ਹਨ ਲਈ ਭੇਜਿਆ। ਪ੍ਰੰਤੂ ਗੁਰੂ ਜੀ ਦਾ ਮਨ ਪੜ੍ਹਾਈ ਵਿਚ ਨਾ ਲੱਗਾ ਕਿਉਂਕਿ ਉਹਨਾਂ ਦੀ ਸੁਰਤੀ ਅਧਿਆਤਮਕ ਚਿੰਤਨ ਮਨਨ ਵਿਚ ਲੱਗੀ ਰਹਿੰਦੀ ਸੀ। ਗੁਰੂ ਜੀ ਨੂੰ ਸਾਧੂ ਫ਼ਕੀਰਾਂ ਦੀ ਸੰਗਤ ਵਿਚ ਰਹਿ ਕੇ ਉਹਨਾਂ ਦੇ ਰੂਹਾਨੀ ਅਨੁਭਵਾਂ ਨੂੰ ਸੁਨਣਾ ਚੰਗਾ ਲੱਗਦਾ ਸੀ। ਨੌ ਸਾਲ ਦੀ ਉਮਰ ਵਿਚ ਇਹਨਾਂ ਦੇ ਪਿਤਾ ਮਹਿਤਾ ਕਾਲੂ ਨੇ ਇਹਨਾਂ ਨੂੰ ਮਦਰੱਸੇ ਤੁਰਕੀ ਪੜ੍ਹਨ ਲਈ ਭੇਜਿਆ, ਪਰ ਏਥੇ ਵੀ ਇਹਨਾਂ ਦੇ ਮਨ ਨੂੰ ਟਿਕਾਉ ਨਾ ਮਿਲਿਆ। ਹਰ ਸਮੇਂ ਆਪ ਪ੍ਰਭੂ ਦੇ ਪ੍ਰੇਮ ਵਿਚ ਡੁੱਬੇ ਰਹਿੰਦੇ ਅਤੇ

[1] ਸੇਵਾ ਸਿੰਘ (ਸੰਪਾ.), ਕਬੀਰ ਬਾਣੀ – ਪਾਠ ਤੇ ਪ੍ਰਸੰਗ, ਪੰਨਾ 84.
[2] ਦੱਤਾ, ਪੂਨਮ (ਡਾ.), ਭਾਰਤੀਏ ਸੰਗੀਤ : ਸਿਕਸ਼ਾ ਔਰ ਉਦੇਸ਼ਅ, ਪੰਨਾ 151.

ਦੁਨਿਆਵੀ ਰਿਸ਼ਤਿਆਂ ਤੋਂ ਬਿਲਕੁਲ ਹੀ ਵਿਕਰਿਤ ਹੋ ਗਏ। ਆਪ ਦੇ ਪਿਤਾ ਨੇ ਇਹ ਸੋਚ ਕੇ ਵੈਦ ਨੂੰ ਬੁਲਾਇਆ ਕਿ ਸ਼ਾਇਦ ਆਪ ਬਿਮਾਰ ਹਨ। ਇਸਦਾ ਜ਼ਿਕਰ ਸਾਖੀ ਵਿਚ ਇਸ ਤਰ੍ਹਾਂ ਮਿਲਦਾ ਹੈ

"ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ
ਭੋਲਾ ਵੈਦ ਨਾ ਜਾਣਈ ਦਰਦ ਕਲੇਜੇ ਮਾਹਿ।" (ਸਾਖੀ 7)

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੇ ਇਸਲਾਮੀ ਹਕੂਮਤ ਹਿੰਦੂਆਂ ਤੇ ਜ਼ੁਲਮ ਅਤੇ ਜਬਰਦਸਤੀ ਕਰਕੇ ਇਸਲਾਮ ਧਰਮ ਦਾ ਫੈਲਾਉ ਕਰਨਾ ਚਾਹੁੰਦੀ ਸੀ, ਜਿਸ ਤਹਿਤ ਹਿੰਦੂਆਂ ਦੇ ਮੰਦਰਾਂ ਨੂੰ ਤਹਿਸ ਨਹਿਸ ਕਰਕੇ ਅਤੇ ਇਸਲਾਮ ਧਰਮ ਦੀ ਈਨ ਨਾ ਮੰਨਣ ਵਾਲਿਆਂ ਨੂੰ ਕਤਲ ਕਰਵਾਇਆ ਜਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਆਪਣੇ ਕਾਲ ਦੇ ਰਾਜਸੀ ਪੱਖ ਤੋਂ ਅਸੰਤੁਸ਼ਟ ਸਨ। ਉਹਨਾਂ ਨੇ ਰਾਜਨੀਤਿਕ ਜ਼ੁਲਮ ਅਤੇ ਅਨਿਆ ਦਾ ਖੰਡਨ ਕੀਤਾ। ਜਾਲਮਾਂ ਲਈ ਉਹਨਾਂ ਨੇ ਕਸਾਈ, ਲਹੂ ਪੀਣੇ ਆਦਿਕ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ। ਗੁਰੂ ਜੀ ਨੇ ਇਸ ਕਤਲੇਆਮ ਨੂੰ ਆਪ ਬਾਣੀ ਵਿਚ ਇਸ ਪ੍ਰਕਾਰ ਪੇਸ਼ ਕੀਤਾ।

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ
ਆਪ ਦੋਸ਼ ਨਾ ਦੇਈ ਕਰਤਾ ਜਮ ਕਰ ਮੁਗਲ ਚੜਾਇਆ
ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨਾ ਆਇਆ
ਕਰਤਾ ਤੂੰ ਸਭਨਾ ਕਾ ਸੋਈ
ਜੇ ਸਕਤਾ ਸਕਤੇ ਕਉ ਮਾਰੇ ਤਾ ਮਨ ਰੋਸੁ ਨਾ ਹੋਈ ॥੧॥ ਰਹਾਉ॥"

ਗੁਰੂ ਜੀ ਨੇ ਲੋਕਾਈ ਨੂੰ ਜਾਤ ਪਾਤ, ਊਚ-ਨੀਚ ਅਤੇ ਧਰਮ ਸੰਬੰਧੀ ਪਏ ਭਰਮ ਭੁਲੇਖਿਆਂ ਤੋਂ ਦੂਰ ਕਰਨ ਲਈ ਵੱਖ-ਵੱਖ ਦੇਸ਼ਾਂ ਦਾ ਰਟਨ ਕੀਤਾ ਜਿੰਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। "ਉਹ ਹਿੰਦੂਆਂ ਦਿਆਂ ਤੀਰਥਾਂ ਤੇ ਮੁਸਲਮਾਨਾਂ ਦੀਆਂ ਜ਼ਿਆਰਤ ਜਗਾਂ ਤੇ ਗਏ ਤੇ ਸੂਫ਼ੀਆਂ, ਆਲਮਾਂ, ਜੋਗੀਆਂ, ਬੋਧਾਂ, ਜੈਨੀਆਂ ਤੇ ਵੈਸ਼ਨਵਾਂ ਨਾਲ ਮੁਲਾਕਾਤਾਂ ਕੀਤੀਆਂ। ਸ਼ੇਖ ਸ਼ਰਫ਼ ਪਾਣੀਪਤ ਤੇ ਸ਼ੇਖ ਇਬਰਾਹਮ ਨੂੰ ਵੀ ਮਿਲੇ ਤੇ ਭਗਤ ਕਬੀਰ ਕੋਲੋਂ ਵੀ ਫ਼ੈਜ਼ ਹਾਸਲ ਕੀਤਾ। ਉਹਨਾਂ ਮੁੱਲਾਂ ਕੁਤੁੱਬਦੀਨ ਕੋਲੋਂ ਫ਼ਾਰਸੀ ਪੜ੍ਹੀ ਸੀ, ਉਹਨਾਂ ਦੇ ਕਲਾਮ ਵਿਚ ਫ਼ਾਰਸੀ ਦੀਆਂ ਤੁਕਾਂ ਵੀ ਮਿਲਦੀਆਂ ਨੇ।"[1]

"ਅੱਲਾਹ ਅਲਖ ਅਗਮ ਕਾਦਰ ਕਰਨਹਾਰ ਕਰੀਮ;
ਸ਼ੁਭ ਦੁਨੀ ਆਵਨ ਜਾਵਨ ਖ਼ੁਦਾਨ ਇਕ ਰਹੀਮ।"

ਗੁਰੂ ਨਾਨਕ ਦੀ ਬਾਣੀ ਵਿਚ ਸੂਫ਼ੀਵਾਦ ਦੀ ਅਨਿਖੜਵੀਂ ਸਾਂਝ ਹੈ। ਬਾਬਾ ਫ਼ਰੀਦ, ਭਗਤ ਕਬੀਰ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨਾ ਇਹ ਸਿੱਧ ਕਰਦਾ ਹੈ ਕਿ ਸੂਫ਼ੀ ਭਗਤ ਅਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਭਾਸ਼ਾ ਦਾ ਫ਼ਰਕ ਹੋ ਸਕਦਾ ਹੈ, ਪਰ ਭਾਵ ਵਿਅਕਤੀ ਦੇ ਪੱਖੋਂ ਇਕ ਹੀ ਬਿੰਦੂ ਤੇ ਮਿਲਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਇਸ਼ਕ ਮਜ਼ਾਜ਼ੀ ਦੇ ਪ੍ਰਤੀਕਾਂ ਰਾਹੀਂ ਇਸ਼ਕ ਹਕੀਕੀ ਦਾ ਚਿਤਰਣ ਕੀਤਾ ਹੈ।

---

[1] ਜਲਾਲਪੁਰੀ, ਸੱਯਦ ਅਲੀ ਅੱਬਾਸ-ਸੂਫ਼ੀ ਕਾਵਿ ਤੇ ਉਸਦਾ ਪਿਛੋਕੜ, ਪੰਨਾ 73.

"ਮੋਰੀਂ ਰੁਣਝੁਣ ਲਾਇਆ ਭੈਵੇ ਸਾਵਣ ਆਇਆ
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲਭਾਇਆ
ਤੇਰੇ ਦਰਸਨ ਵਿਟਹੁ ਖੰਨੀਐ ਵੰਞਾਂ ਤੇਰੇ ਨਾਮ ਵਿਟਹੁ ਕੁਰਬਾਣੋ
ਜਾ ਤੂ ਤਾ ਮੈਂ ਮਾਣ ਕਿਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ"[1]

"ਗੁਰੂ ਜੀ ਦੀ ਪਹਿਲੀ ਉਦਾਸੀ ਪੂਰਬ ਦੀ ਹੈ ਜਿਸ ਵਿਚ ਪ੍ਰਸਿੱਧ ਹਿੰਦੂ ਤੀਰਥ ਆ ਜਾਂਦੇ ਹਨ। ਦੂਜੀ ਉਦਾਸੀ ਦੱਖਣ ਦੀ ਹੈ ਜਿਸ ਵਿਚ ਜੈਨ ਤੇ ਬੋਧੀ ਅਸਥਾਨਾਂ ਉੱਤੇ ਜਾਣ ਦਾ ਵਰਨਣ ਹੈ। ਤੀਜੀ ਉਦਾਸੀ, ਉਤਰਾ ਖੰਡ ਦੀ ਹੈ, ਇਸ ਵਿਚ ਸਿੱਧਾਂ ਤੇ ਜੋਗੀਆਂ ਦੇ ਮੱਠਾਂ ਦੀ ਯਾਤਰਾ ਦਾ ਉਲੇਖ ਹੈ। ਚੌਥੀ ਉਦਾਸੀ, ਵਿਚ ਮੁਸਲਮਾਨਾਂ ਦੇ ਕੇਂਦਰੀ ਅਸਥਾਨਾਂ ਦੀ ਯਾਤਰਾ ਆਉਂਦੀ ਹੈ।"[2]

ਗੁਰੂ ਨਾਨਕ ਦੇਵ ਜੀ ਦਾ ਉਦਾਸੀਆਂ ਦਾ ਮੰਤਵ ਹੀ ਸਾਰੇ ਧਰਮਾਂ ਦੀ ਇੱਛਾਈਆਂ ਅਤੇ ਬੁਰਾਈਆਂ ਦਾ ਚਿੰਤਨ ਕਰਕੇ ਸਾਰਿਆਂ ਨੂੰ ਇਕ ਸਰਬ ਧਰਮ ਦਾ ਇਕੱਠ ਕਰਨਾ ਸੀ ਜਿਸ ਵਿਚ ਊਚ-ਨੀਚ, ਧਰਮ ਆਦਿ ਤੋਂ ਉੱਪਰ ਉੱਠਕੇ ਸਰਬ ਧਰਮ ਦਾ ਢੰਕਾ ਵਜਾਉਣਾ ਸੀ।

ਉਦਾਸੀਆਂ ਦੇ ਸਮੇਂ ਗੁਰੂ ਨਾਨਕ ਜੀ ਨੇ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਨਾਦ ਦੀ ਮਹੱਤਤਾ ਨੂੰ ਸਮਝਦੇ ਹੋਏ,

"ਰਾਗ ਨਾਦ ਸਭ ਸੱਚ ਹੈ, ਕੀਮਤ ਕਹਿ ਨਾ ਜਾਇ"

ਦੇ ਵਾਕ ਅਨੁਸਾਰ ਸ਼ਬਦ ਦੇ ਭਾਵ ਨੂੰ ਸਹਿਜ ਰੂਪ ਤਕ ਲੋਕਾਂ ਦੇ ਪਹੁੰਚਾਉਣ ਦੇ ਲਈ ਨਾਦ ਬ੍ਰਹਮ ਦਾ ਪ੍ਰਯੋਗ ਕੀਤਾ। ਨਾਦ ਹੀ ਅਜਿਹੀ ਸਨਮੋਹਨੀ ਸ਼ਕਤੀ ਹੈ ਜੋ ਆਪਣੇ ਤੇਜ਼ ਦੁਆਰਾ ਮਨ ਨੂੰ ਟਿਕਾਉ ਦੀ ਸਥਿਤੀ ਦਿੰਦੀ ਹੈ। ਮਨ ਦੇ ਟਿਕਾਉ ਨਾਲ ਹੀ ਆਤਮਾ ਦੀ ਲਿਵ ਪ੍ਰਮਾਤਮਾ ਨਾਲ ਜੁੜਦੀ ਹੈ। ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸੰਚਾਰ ਹਿੱਤ ਸ਼ਬਦ ਕੀਰਤਨ ਦੀ ਪ੍ਰਥਾ ਦਾ ਆਰੰਭ ਕੀਤਾ। ਕੀਰਤਨ ਦੇ ਸਮਾਨ ਹੋਰ ਕੋਈ ਯੋਗ, ਤਪੱਸਿਆ ਅਜਿਹੀ ਸਾਧਨਾ ਨਹੀਂ ਹੈ ਜੋ ਮਨਵਿਰਤੀਆਂ ਨੂੰ ਇਕਸੁਰਤਾ ਤੇ ਇਕਸਾਰਤਾ ਵਿਚ ਬੰਨ ਸਕੇ।

"ਗੁਰੂ ਨਾਨਕ ਦੇਵ ਜੀ ਨੇ ਸਰਭ ਲੁਕਾਈ ਨੂੰ ਸੋਧਣ ਲਈ ਚਾਰ ਉਦਾਸੀਆਂ ਸਮੇਂ ਵਿਭਿੰਨ ਸਥਾਨਾਂ ਉੱਤੇ ਵੱਖ-ਵੱਖ ਸਭਿਆਚਾਰ ਦੇ ਧਾਰਨੀ ਲੋਕਾਂ ਤਕ ਆਪਣਾ ਉਪਦੇਸ਼ ਪਹੁੰਚਾਉਣ ਲਈ ਸ਼ਬਦ ਕੀਰਤਨ ਦੀ ਸੰਗੀਤਕ ਜੁਗਤ ਨੂੰ ਅਪਨਾਇਆ।"[3]

"ਸੋ ਸਤਿਗੁਰਾਂ ਨੇ ਆਪ ਹੀ ਉਹ ਉਪਦੇਸ਼ ਜੋ ਉਨ੍ਹਾਂ ਨੇ ਜਗਤ ਜਲੰਦੇ ਨੂੰ ਦੇਣੇ ਸਨ, ਕਾਵਿ ਵਿਚ ਰਚੇ। ਆਪ ਹੀ ਉਨ੍ਹਾਂ ਨੂੰ ਗਾਇਨ ਕੀਤਾ ਸਮਝਾਇਆ ਅਤੇ ਆਪ ਹੀ ਥਾਂ-ਥਾਂ ਜਾ ਕੇ ਉਹ ਉਪਦੇਸ਼ ਗਾਏ ਤੇ ਸੁਣਾਏ, ਨਾਲ ਹੀ ਅਨੇਕਾਂ ਸਮਿਆਂ ਉੱਤੇ ਉਨ੍ਹਾਂ ਨੇ ਕੇਵਲ ਆਪਣੀ ਰੀਝ, ਸਵਾਦ ਤੇ ਈਸ਼ਵਰ-ਭਗਤੀ ਲਈ ਇਕੱਲੇ ਜਾਂ ਭਾਈ ਮਰਦਾਨੇ ਨਾਲ ਬਹਿ ਕੇ ਰਚਨਾ ਉਚਾਰੀ ਤੇ ਗਾਈ ਹੋਵੇਗੀ।"[4]

---

[1] ਜਲਾਲਪੁਰੀ, ਸੱਯਦ ਅਲੀ ਅੱਬਾਸ-ਸੂਫ਼ੀ ਕਾਵਿ ਤੇ ਉਸਦਾ ਪਿਛੋਕੜ, ਪੰਨਾ 76.
[2] ਸੇਵਕ, ਸੇਵਾ ਸਿੰਘ, ਪ੍ਰਾਚੀਨ ਜਨਮ ਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ), ਪੰਨਾ 16.
[3] ਗੁਰਨਾਮ ਸਿੰਘ (ਡਾ.), ਗੁਰਮਤਿ ਸੰਗੀਤ, ਪ੍ਰਬੰਧ ਤੇ ਪਸਾਰ, ਪੰਨਾ 2.
[4] ਹਰਚਰਨ ਸਿੰਘ (ਡਾ.), ਖੋਜ ਪਤ੍ਰਿਕਾ, ਗੁਰੂ ਨਾਨਕ ਅੰਕ, ਪੰਨਾ 21.

ਗੁਰੂ ਨਾਨਕ ਦੇਵ ਜੀ ਦੇ ਨਾਲ ਉਦਾਸੀਆਂ ਵਿਚ ਭਾਈ ਮਰਦਾਨਾ ਜੀ ਗੁਰੂ ਜੀ ਦੇ ਸਾਥੀ ਸਨ ਜੋ ਕਿ ਰਬਾਬ ਵਜਾ ਕੇ ਕੀਰਤਨ ਵਿਚ ਗੁਰੂ ਜੀ ਦਾ ਸਾਥ ਦੇਂਦੇ ਸਨ। ਭਾਈ ਮਰਦਾਨੇ ਦੀ ਰਬਾਬ ਅਤੇ ਗੁਰੂ ਸਾਹਿਬ ਦੀ ਅਨਹਦ ਬਾਣੀ ਮਿਲਕੇ ਅਲੌਕਿਕ ਮਾਹੌਲ ਦੀ ਸਿਰਜਣਾ ਕਰਦੇ ਸਨ।

"ਗੁਰ ਕਹਉ ਮਰਦਾਨੇ ਭਾਇ। ਹੇ ਪਿਆਰੇ ਤੂੰ ਤਾਰ ਬਜਾਇ
ਮਰਦਾਨੇ ਤਬ ਤਾਰ ਬਜਾਈ। ਸਗਲ ਸਭਾ ਸੁਧ ਕਹੀ ਨ ਕਾਈ
ਗੁਰੂ ਨਾਨਕ ਤਬ ਸ਼ਬਦ ਉਚਾਰਾ। ਸੁਰ ਤਿਲੰਗ ਮੈ ਲਾਗੇ ਪਿਆਰਾ"[1]

– "ਮਰਦਾਨਿਆ ਸ਼ਬਦੁ ਚਿਤਿ ਕਰਿ, ਤਉ ਬਾਝ ਬਾਣੀ ਸਰਿ ਨਹੀ ਆਂਵਦੀ,
ਤਬਿ ਗੁਰੂ ਬਾਬੇ ਆਖਿਆ, ਮਰਦਾਨਿਆ ਰਬਾਬ ਵਜਾਇ"[2]

ਭਾਈ ਮਰਦਾਨਾ ਉੱਘੇ ਸੰਗੀਤਕਾਰ ਸਨ। ਡਾ. ਜਾਗੀਰ ਸਿੰਘ ਪ੍ਰਿੰਸੀਪਲ ਸਤਿਬੀਰ ਸਿੰਘ ਦਾ ਹਵਾਲਾ ਦਿੰਦਿਆ ਲਿਖਦੇ ਹਨ ਕਿ "ਸੰਸਾਰ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਸੁਆਮੀ ਹਰਿਦਾਸ ਮਰਦਾਨਾ ਜੀ ਦੇ ਹੀ ਸ਼ਗਿਰਦ ਸਨ।"[3]

ਗੁਰੂ ਨਾਨਕ ਦੇਵ ਜੀ ਬਹੁਮੁੱਖੀ ਪ੍ਰਤਿਭਾ ਦੇ ਧਨੀ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਗਾਂ ਵਿਚ ਰਚੀ ਤੇ "ਪੰਜਾਬੀ ਸਾਹਿਤ ਵਿਚ ਸਭ ਤੋਂ ਪਹਿਲੋਂ ਰਾਗ ਦੀ ਪਿਰਤ ਪਾਈ।"[4] ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਆਪਣੀ ਬਾਣੀ ਵਿਚ ਮੁੱਖ ਉੱਨੀ ਰਾਗਾਂ ਦਾ ਪ੍ਰਯੋਗ ਕੀਤਾ ਹੈ, ਇਹਨਾਂ ਮੁਖ ਰਾਗਾਂ ਤੋਂ ਇਲਾਵਾ ਗੁਰੂ ਜੀ ਨੇ ਮਿਸ਼ਰਤ ਰਾਗਾਂ ਵਿਚ ਵੀ ਬਾਣੀ ਦੀ ਰਚਨਾ ਕੀਤੀ। ਮਿਸ਼ਰਤ ਰਾਗਾਂ ਦਾ ਗੁਰੂ ਜੀ ਦੀ ਰਚਨਾਵਾਂ ਵਿਚ ਪ੍ਰਯੋਗ ਤੋਂ ਲੱਗਦਾ ਹੈ ਕਿ ਚਾਰ ਉਦਾਸੀਆਂ ਕਰਦੇ ਸਮੇਂ ਦੱਖਣ ਵਿਚ ਉਹਨਾਂ ਨੇ ਦੱਖਣੀ ਰਾਗਾਂ ਦਾ ਪ੍ਰਯੋਗ ਕੀਤਾ।

"ਰਵਾਇਤ ਤਾਂ ਇੱਥੋਂ ਤੱਕ ਭੀ ਹੈ ਕਿ ਗੁਰੂ ਜੀ ਜਿੱਥੇ ਜਾਂਦੇ ਉਸ ਇਲਾਕੇ ਦਾ ਰਾਗ ਤੇ ਉੱਥੋਂ ਦੀ ਬੋਲੀ ਦੇ ਕੁਝ ਲਫ਼ਜ਼ ਜ਼ਰੂਰ ਵਰਤਦੇ। ਇਉਂ ਹੀ ਉਨ੍ਹਾਂ ਦੀ ਬਾਣੀ ਵਿਚੋਂ ਸਪੱਸ਼ਟ ਹੈ ਕਿ ਉਨ੍ਹਾਂ ਨੇ ਬਾਣੀ ਦੇ ਵਿਸ਼ੇ ਨਾਲ ਢੁਕਦਾ ਰਾਗ ਵਰਤਿਆ ਹੈ। ਕਈ ਥਾਈਂ ਰਾਗ ਨੂੰ ਭੀ ਵਰਤਿਆ ਹੈ ਜਿਵੇਂ ਤਿਲੰਗ, ਕਾਫ਼ੀ ਅਤੇ ਕਈ ਥਾਈਂ ਰਾਗਾਂ ਦੀਆਂ ਵਿਸ਼ੇਸ਼ ਕਿਸਮਾਂ ਭੀ ਜਿਵੇਂ ਗਉੜੀ ਪੂਰਬੀ ਤੇ ਗਉੜੀ ਮਾਲਵਾ ਆਦਿ।"[5] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਚਨਾ ਵਿਚ ਨਿਮਨ ਲਿਖਤ ਮੁੱਖ ਰਾਗ ਅਤੇ ਉਪ ਰਾਗ ਪ੍ਰਯੋਗ ਕੀਤੇ ਹਨ :

**ਮੁਖ ਰਾਗ–** ਸ੍ਰੀ, ਗਾਉੜੀ, ਆਸਾ, ਗੁਜਰੀ, ਵਡਹੰਸ, ਸੋਰਠ ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਪ੍ਰਭਾਤੀ

1 ਛਿਬਰ, ਸੰਤਦਾਸ (ਲੇਖਕ), ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ (ਗੁਰਦੇਵ ਸਿੰਘ), (ਸੰਪਾ.)
2 ਵੀਰ ਸਿੰਘ (ਭਾਈ), ਸ੍ਰੀ ਗੁਰੂ ਨਾਨਕ ਚਮਤਕਾਰ, ਪੰਨਾ 38.
3 ਜਾਗੀਰ ਸਿੰਘ, ਗੁਰਬਾਣੀ ਅਤੇ ਸੰਗੀਤ : ਇਤਿਹਾਸਿਕ ਪਰਿਪੇਖ, ਪੰਨਾ 31
4 ਬੇਦੀ, ਕਾਲਾ ਸਿੰਘ (ਡਾ.), ਸ਼ਾਹ ਹੁਸੈਨ ਰਚਨਾਵਲੀ, ਪੰਨਾ 250.
5 ਹਰਚਰਨ ਸਿੰਘ (ਸੰਪਾ.), ਖੋਜ ਪੱਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪੰਨਾ 20.

**ਉਪਰਾਗ** - ਗਉੜੀ-ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗੜ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫ਼ੀ, ਵਡਹੰਸ ਦੱਖਣੀ, ਸੂਹੀ ਕਾਫ਼ੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਕਾਫ਼ੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ।

ਗੁਰੂ ਜੀ ਦੀ ਰਾਗ ਸੰਬੰਧੀ ਗੂਹੜ ਗਿਆਨ ਦੇ ਸਦਕਾ ਹੀ ਗੁਰੂ ਜੀ ਨੇ ਵੱਖ-ਵੱਖ ਰੁੱਤਾਂ ਅਨੁਸਾਰ ਵੀ ਰਾਗਾਂ ਦੀ ਚੋਣ ਕੀਤੀ ਜਿਵੇਂ ਕਿ ਬਸੰਤ (ਬਸੰਤ ਰੁੱਤ), ਮਲ੍ਹਾਰ (ਮਲਹਾਰ), ਤੁਖਾਰੀ (ਸਰਦ ਰੁੱਤ)। ਗੁਰੂ ਨਾਨਕ ਦੇਵ ਜੀ ਦੀ ਚਲਾਈ ਕੀਰਤਨ ਪਰੰਪਰਾ ਦਾ ਆਧੁਨਿਕ ਸੰਦਰਭ ਵਿਚ ਵੀ ਨਿਰਵਾਹ ਹੋ ਰਿਹਾ ਹੈ ਅਤੇ ਰਾਗਾਂ ਨੂੰ ਸਮੇਂ ਅਨੁਸਾਰ ਅਤੇ ਰੁੱਤਾਂ ਅਨੁਸਾਰ ਕੀਰਤਨ ਵਿਚ ਪ੍ਰਯੋਗ ਕੀਤਾ ਜਾ ਰਿਹਾ ਹੈ। ਅਜ ਹਰੇਕ ਤਿਉਹਾਰ, ਖੁਸ਼ੀ-ਗਮੀ ਦੇ ਮੌਕੇ ਤੇ ਸਿੱਖਾਂ ਵਿਚ ਕੀਰਤਨ ਦੀ ਮਰਿਯਾਦਾ ਕਾਇਮ ਹੈ।

ਗੁਰੂ ਨਾਨਕ ਦੇਵ ਜੀ ਨੇ ਸਲੋਕ, ਪਦ, ਅਸ਼ਟਪਦ, ਸੋਹਲੇ, ਛੰਦ, ਥਿਤੀ, ਪੱਟੀ, ਪਹਰੇ, ਆਲਾਹੁਣੀਆਂ, ਬਾਰਾਮਾਂਹ, ਗੋਸ਼ਟਿ, ਆਰਤੀ ਆਦਿ ਕਾਵਿ ਰੂਪਾਂ ਵਿਚ ਬਾਣੀ ਰਚਨਾ ਕੀਤੀ।

ਗੁਰੂ ਨਾਨਕ ਦੇਵ ਜੀ ਅਜਿਹੇ ਪੈਗੰਬਰ ਸਨ ਜਿਨ੍ਹਾਂ ਨੇ ਸੰਸਾਰ ਨੂੰ ਸਭਿਅਤਾ, ਸੰਸਕ੍ਰਿਤੀ ਅਤੇ ਕਲਾ ਦੇ ਦਰਸ਼ਨ ਰੂਹਾਨੀ ਭਰੇ ਲਹਿਜੇ ਵਿਚ ਕਰਵਾਏ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦਾ ਉਚਾਰਣ ਸੰਗੀਤ ਦੇ ਰਾਹੀਂ ਕਰਕੇ ਸੰਗੀਤ ਨੂੰ ਅਸ਼ਲੀਲਤਾ ਦੀ ਦਲਦਲ ਵਿਚੋਂ ਕੱਢ ਕੇ ਮੁੜ ਉੱਚ ਆਦਰਨੀਏ ਸਥਾਨ ਤੇ ਬਿਰਾਜਮਾਨ ਕੀਤਾ। "ਗੁਰੂ ਜੀ ਨੇ ਸਭਿਅਤਾ, ਸੰਸਕ੍ਰਿਤੀ, ਪ੍ਰੇਮ, ਮੇਲ-ਜੋਲ ਅਤੇ ਭਾਈਚਾਰੇ ਦੇ ਭਾਵ ਨਾਲ ਭਰਿਆ ਹੋਇਆ ਸੰਦੇਸ਼ ਸੰਸਾਰ ਨੂੰ ਸੰਗੀਤ ਜਿਹੀ ਉੱਘੀ ਕਲਾ ਰਾਹੀਂ ਦਿੱਤਾ। ਉਨ੍ਹਾਂ ਦਾ ਹਰੇਕ ਬਚਨ ਸੰਗੀਤ ਅਤੇ ਕਾਵਿ ਨਾਲ ਭਰਭੂਰ ਸੀ। ਸਾਰੇ ਸ਼ਬਦ ਰਾਗ ਦੀਆਂ ਮਿੱਠੀਆਂ ਸੁਰਾਂ ਵਿਚ ਰਚੇ ਹੋਏ ਸਨ ਜੋ ਸੁਨਣ ਵਾਲਿਆਂ ਦੇ ਮਨਾਂ ਨੂੰ ਛੇਤੀ ਹੀ ਖਿੱਚ ਲੈਂਦੇ ਸਨ ਅਤੇ ਈਸ਼ਵਰ ਦੀ ਭਗਤੀ ਦਾ ਨਿਵਾਸ ਉਨ੍ਹਾਂ ਦੇ ਮਨ੍ਹਾ ਵਿਚ ਹੋ ਜਾਂਦਾ ਸੀ।"[1]

ਸੰਗੀਤ ਦੇ ਅਧਿਆਤਮਕ ਪੱਖ ਅਤੇ ਪਵਿਤਰ ਰੂਪ ਨੂੰ ਬਰਕਰਾਰ ਰੱਖਣ ਵਿਚ ਗੁਰੂ ਨਾਨਕ ਦੇਵ ਜੀ ਦੀ ਬਹੁਤ ਅਹਿਮ ਭੂਮਿਕਾ ਰਹੀ। ਗੁਰੂ ਜੀ ਦੇ ਸਮੇਂ ਜਿੱਥੇ ਸੰਗੀਤ ਕੇਵਲ ਭੌਤਿਕ ਸੁਖ ਵਿਲਾਸ ਦਾ ਵਿਸ਼ਾ ਬਣਿਆ ਹੋਇਆ ਸੀ ਗੁਰੂ ਜੀ ਨੇ ਆਪਣੀ ਕਾਵਿ ਰਚਨਾ ਅਤੇ ਸੰਗੀਤ ਦੇ ਸੰਯੋਗ ਨਾਲ ਸੰਗੀਤ ਨੂੰ ਪਵਿੱਤਰ ਅਤੇ ਅਧਿਆਤਮਿਕਤਾ ਦੇ ਉੱਚ ਸਿਖਰ ਤੇ ਪਹੁੰਚਾ ਦਿੱਤਾ। ਗੁਰੂ ਜੀ ਨੇ ਸਰਬ ਧਰਮ ਦਾ ਟੀਚਾ ਸਾਹਮਣੇ ਰੱਖ ਕੇ ਭਗਤੀ ਲਹਿਰ ਵਿਚ ਆਪਣਾ ਯੋਗਦਾਨ ਪਾਇਆ। "ਗੁਰੂ ਨਾਨਕ ਦੇਵ ਜੀ ਇਕ ਪੀਰ ਪੈਗੰਬਰ, ਸੰਤ, ਮੁਕਤੀਦਾਤਾ ਅਤੇ ਅਵਤਾਰ ਆਦਿ ਕਈ ਰੂਪਾਂ ਵਿਚ ਜਾਣੇ ਅਤੇ ਸਤਿਕਾਰੇ ਜਾਂਦੇ ਹਨ। ਆਪਣੇ ਜੀਵਨ ਕਾਲ ਵਿਚ ਹੀ ਉਹਨਾਂ ਨੂੰ ਇੰਨੀ ਲੋਕਪ੍ਰਿਅਤਾ ਹਾਸਿਲ ਹੋਈ ਕਿ ਉਹ ਜਗਤ ਗੁਰੂ ਬਣ ਗਏ। ਮੁਸਲਮਾਨ ਸਭਿਆਚਾਰ ਦੇ ਗੜ ਬਗਦਾਦ ਵਿਚ ਲਿਖੇ ਗਏ ਇਕ ਸ਼ਿਲਾਲੇਖ ਵਿਚ ਉਨ੍ਹਾਂ ਨੂੰ 'ਹਜ਼ਰਤੇ-ਰਬੇ-ਮਜ਼ੀਦ ਬਾਬਾ ਨਾਨਕ ਸ਼ਾਹ ਫ਼ਕੀਰ ਔਲੀਆ' ਕਿਹਾ ਗਿਆ ਹੈ। ਦੇਸ਼ ਵਿਚ ਉਨ੍ਹਾਂ ਨੂੰ ਹਿੰਦੂ,

[1] ਮਦਾਨ, ਪੰਨਾ ਲਾਲ, ਪੰਜਾਬ ਵਿਚ ਸੰਗੀਤ ਕਲਾ ਦਾ ਨਿਕਾਸ ਤੇ ਵਿਕਾਸ, ਪੰਨਾ 68.

ਸਤਿਗੁਰੂ ਨਾਨਕ ਦੇਵ ਅਤੇ ਮੁਸਲਮਾਨ ਹਜ਼ਰਤ ਨਾਨਕ ਸ਼ਾਹ ਕਹਿੰਦੇ ਹਨ। ਸਾਰੀਆਂ ਜਾਤਾਂ ਅਤੇ ਧਰਮਾਂ ਦੇ ਲੋਕ ਉਹਨਾਂ ਨੂੰ ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦਾ ਪੀਰ ਕਹਿੰਦੇ ਸਨ।"[1]

## 4.6 ਸੂਰਦਾਸ

ਸੂਰਦਾਸ ਜੀ ਦੇ ਜਨਮ ਅਤੇ ਜਨਮ ਸਥਾਨ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਡਾ. ਦੀਨ ਦਿਆਲ ਗੁਪਤ ਦੇ ਅਨੁਸਾਰ ਸੂਰਦਾਸ ਜੀ ਦਾ ਜਨਮ "ਸੰਵਤ 1535 ਵੈਸਾਖ ਸੁਦੀ ਪੰਚਮੀ ਹੈ।"[2]

"ਮਹਾਂਪ੍ਰਭੂ ਵਲਭਾਚਾਰਿਆ ਕੇ ਸੂਰਦਾਸ ਜੀ ਸ਼ਿਸ਼ਅ ਥੇ, ਮਹਾਂਪ੍ਰਭੂ ਜੀ ਕੇਵਲ ਦਸ ਦਿਨ ਛੋਟੇ ਥੇ। ਇਸ ਆਧਾਰ ਕੋ ਵਿਸ਼ਵਨੀਏ ਮਾਨਤੇ ਹੁਏ ਸੂਰਦਾਸ ਕਾ ਜਨਮ ਸੰਵਤ 1535 ਈ: ਮੇਂ ਹੂਆ ਥਾ, ਯਹੀ ਮਤ ਡਾ. ਬ੍ਰਜੇਸ਼ਵਰ ਵਰਮਾ ਕਾ ਹੈ।"[3]

ਸੂਰ ਸਾਰਾਵਲੀ ਦੇ ਇਕ ਪਦ ਤੋਂ ਵੀ ਇਹਨਾਂ ਦੇ ਜਨਮ ਦਾ ਅਨੁਮਾਨ ਲਗਦਾ ਹੈ ਕਿ ਸੂਰ ਸਾਰਾਵਲੀ ਦੀ ਰਚਨਾ ਦੇ ਸਮੇਂ ਇਹਨਾਂ ਦੀ ਉਮਰ 67 ਵਰ੍ਹੇ ਸੀ।

"ਗੁਰੂ ਪਰਸਾਦ ਹੋਤ ਯਹ ਦਰਹਕ ਸਰਸਹ ਬਰਸ ਪ੍ਰਵੀਨ
ਸ਼ਿਵ ਵਿਧਾਨ ਤਪ ਕੀਓ ਬਹੁਤ ਦਿਨ ਤਉ ਪਾਰਿ ਨਹਿ ਲੀਨ"

ਸੂਰਦਾਸ ਜੀ ਦੇ ਜਨਮ ਸਥਾਨ ਬਾਰੇ ਵੀ ਵਿਚਾਰ ਹੈ ਕਿ ਇਹਨਾਂ ਦਾ ਜਨਮ ਸਥਾਨ ਦਿੱਲੀ ਦੇ ਪਾਸ ਹੈ। ਦੂਸਰੇ ਮਤ ਦੇ ਅਨੁਸਾਰ ਰੇਣੂਕਾ ਇਹਨਾਂ ਦਾ ਜਨਮ ਸਥਾਨ ਹੈ ।

ਸੂਰਦਾਸ ਜੀ ਸਿਕੰਦਰ ਲੋਧੀ ਦੇ ਸਮਕਾਲੀ ਸਨ। ਇਸ ਸਮੇਂ ਭਕਤੀ ਅੰਦੋਲਨ ਆਪਣੇ ਸਿਖ਼ਰ ਤੇ ਸੀ। "ਸੂਰਦਾਸ ਜਿਸ ਯੁਗ ਮੇਂ ਹੂਏ ਵਹ ਭਕਤੀ ਕੇ ਤੀਵਰ ਅੰਦੋਲਨ ਸੇ ਅੰਦੋਲਿਤ ਥਾ। ਭਕਤੀ ਕੇ ਕਿਤਨੇ ਹੀ ਪ੍ਰਕਾਰ, ਕਿਤਨੇ ਹੀ ਸਵਰੂਪ, ਕਿਤਨੇ ਹੀ ਸੰਪ੍ਰਦਾਇ ਕੇ ਰੂਪ ਮੇਂ ਜਹਾਂ-ਵਹਾਂ ਪਨਪ ਰਹੇ ਥੇ।"[4]

ਸੂਰਦਾਸ ਜੀ ਜਨਮ ਤੋਂ ਹੀ ਅੰਨੇ ਸਨ। ਜਿਸ ਕਾਰਨ ਉਹਨਾਂ ਦਾ ਮਨ ਸੰਸਾਰਿਕਤਾ ਤੋਂ ਵਿਕਰਤ ਹੋ ਗਿਆ। ਛੋਟੀ ਉਮਰ ਵਿਚ ਹੀ ਘਰ ਤੋਂ ਬਾਹਰ ਇਕ ਤਲਾਬ ਦੇ ਕਿਨਾਰੇ ਪਿੱਪਲ ਦੇ ਦਰਖਤ ਦੇ ਹੇਠਾਂ ਵੈਰਾਗਮਈ ਪਦਾਂ ਦਾ ਗਾਇਨ ਕਰਿਆ ਕਰਦੇ ਸਨ। ਉਹਨਾਂ ਦਾ ਕੰਠ ਬਹੁਤ ਹੀ ਸੁਰੀਲਾ ਸੀ। ਸੁਰੀਲੇ ਕੰਠ ਨਾਲ ਵੈਰਾਗਮਈ ਪਦਾਂ ਦਾ ਗਾਇਨ ਸੁਨਣ ਵਾਲਿਆਂ ਨੂੰ ਆਤਮਵਿਭੋਰ ਕਰ ਦਿੰਦਾ ਸੀ। ਸੂਰਦਾਸ ਜੀ ਸਾਧੂ-ਸੰਤਾਂ ਦੀ ਸੰਗਤ ਕਰਦੇ ਅਤੇ ਅਧਿਆਤਮਿਕ ਵਿਚਾਰਾਂ ਨੂੰ ਸੁਣਦੇ ਸਨ। ਜਿਸ ਕਾਰਨ ਅੰਨ੍ਹੇ ਹੋਣ ਦੇ ਬਾਵਜੂਦ ਉਹਨਾਂ ਦੀ ਆਂਤਰਿਕ ਲੋ ਨੇ ਉਹਨਾਂ ਨੂੰ ਸਮਸਤ ਜਗਤ ਦੇ ਦਰਸ਼ਨ ਕਰਵਾ ਦਿੱਤੇ।

ਇੱਕ ਵਾਰ ਸੂਰਦਾਸ ਜੀ ਦੀ ਭੇਂਟ ਵੱਲਭਆਚਾਰਿਆ ਜੀ ਨਾਲ ਹੋਈ। "ਸੋ ਸੂਰਦਾਸ ਜੀ ਨੇ ਸ੍ਰੀ ਆਚਾਰਿਆ ਜੀ ਮਹਾਂਪ੍ਰਭੂ ਕੇ ਆਗੇ ਏਕ ਪਦ ਗਾਓ ਸੋ ਪਦ ਰਾਗ ਧਨਾਸ੍ਰੀ

'ਹੋ ਹਰਿ ਸਬ ਪਤਿਤਨ ਕੋ ਨਾਇਕ'

---

1. ਅੰਮ੍ਰਿਤ ਕੀਰਤਨ, ਨਵੰਬਰ 1997.
2. ਗੁਪਤ, ਦੀਨ ਦਇਆਲ (ਡਾ.), ਅਸ਼ਟਛਾਪ ਔਰ ਵੱਲਭ ਸੰਪ੍ਰਦਾਇ, ਪੰਨਾ 210.
3. ਪਾਂਡੇਅ, ਸ਼ੰਭੂਨਾਥ, ਸੂਰ ਕੀ ਕਾਵਿ ਕਲਾ, ਪੰਨਾ 5.
4. ਉਹੀ, ਪੰਨਾ 26.

ਫੇਰਿ ਦੂਸਰੇ ਪਦ ਔਰ ਗਾਓ ਸੋ ਪਦ - ਰਾਗ ਧਨਾਸ੍ਰੀ

'ਪ੍ਰਭੂ ਹੋ ਸਬ ਪਤਿਤਨ ਕੋ ਪੰਕੋ'

ਔਰ ਪਤਿਤ ਸਬ ਦਿਵਸ ਚਾਰਿਕੈ"[1]

ਸ੍ਰੀ ਵੱਲਭਾਅਚਾਰਿਆ ਜੀ ਨੇ ਇਹਨਾਂ ਦੀ ਕਾਵਿ ਕਲਾ ਅਤੇ ਸੰਗੀਤ ਦੀ ਪ੍ਰਤੀਭਾ ਨੂੰ ਦੇਖਦੇ ਹੋਏ ਸੂਰਦਾਸ ਜੀ ਨੂੰ ਵੈਸ਼ਣਵ ਸੰਪ੍ਰਦਾਇ ਵਿਚ ਸ਼ਾਮਿਲ ਕਰ ਲਿਆ। ਸੂਰਦਾਸ ਜੀ ਨੇ ਵੈਸ਼ਣਵ ਸੰਪ੍ਰਦਾਇ ਦੇ ਰਹੱਸ ਨੂੰ ਸਮਝਿਆ ਅਤੇ ਵੈਸ਼ਣਵ ਸੰਪ੍ਰਦਾਇ ਦੇ ਸਿਧਾਂਤਾਂ ਨੂੰ ਅਪਣਾਉਂਦੇ ਹੋਏ ਪਦਾਂ ਦੀ ਰਚਨਾ ਕੀਤੀ।

"ਸ੍ਰੀ ਵੱਲਭ ਗੁਰੂ ਤਤਵ ਸੁਨਾਓ, ਲੀਲਾ ਭੇਦ ਬਤਾਓ

ਤਾ ਦਿਨ ਤੈਂ ਹਰਿ ਲੀਲਾ ਗਾਈ, ਏਕ ਲਕਸ ਪਦ ਬੰਦ"[2]

ਸ੍ਰੀ ਵਲਭਾਅਚਾਰਿਆ ਜੀ ਨੇ ਸ੍ਰੀ ਨਾਥ ਜੀ ਦੇ ਮੰਦਿਰ ਵਿਚ ਇਹਨਾਂ ਨੂੰ ਠਾਕੁਰ ਜੀ ਦੇ ਕੀਰਤਨ ਦਾ ਕਾਰਜ ਸੌਂਪਿਆ। ਸੂਰਦਾਸ ਜੀ ਵੈਸ਼ਣਵ ਸੰਪ੍ਰਦਾਇ ਦੇ ਅਸ਼ਟਛਾਪ ਕਵੀਆਂ ਵਿਚੋਂ ਸਨ। ਉਹਨਾਂ ਨੇ ਸੰਗੀਤ ਕਲਾ ਨੂੰ ਭਕਤੀ ਦੇ ਅਧਿਆਤਮਿਕ ਲੋਕ ਵਿਚ ਪ੍ਰਕਾਸ਼ਮਾਨ ਕੀਤਾ। ਇਹਨਾਂ ਨੇ ਸੰਗੀਤ ਕਲਾ ਰਾਹੀਂ ਕ੍ਰਿਸਨ ਲੀਲਾਵਾਂ ਦਾ ਵਰਨਣ ਕੀਤਾ। ਸੂਰਦਾਸ ਜੀ ਕ੍ਰਿਸ਼ਨ ਲੀਲਾਵਾਂ ਦਾ ਗਾਇਨ ਕਰਕੇ ਆਪਣੇ ਇਸ਼ਟ ਦੀ ਆਰਾਧਨਾ ਕਰਦੇ ਸਨ। ਸੂਰਦਾਸ ਜੀ ਦਾ ਭਗਤੀ ਗਾਇਨ ਸ਼ੁੱਧ ਸ਼ਾਸਤਰੀ ਸੰਗੀਤ ਵਿਚ ਸੀ।

ਸੂਰਦਾਸ ਜੀ ਦੇ ਸ਼ਬਦ ਨਾਲ ਹਿਰਦੈਗਤ ਭਾਵ ਦੀ ਕਲਪਨਾ ਨੂੰ ਰਸਾਤਮਕ ਅਤੇ ਲੈਆਤਮਕ ਰੂਪ ਪ੍ਰਦਾਨ ਕੀਤਾ ਅਤੇ ਇਸ ਤਰ੍ਹਾਂ ਹੀ ਸਵਰ ਦੀ ਲੈਆਤਮਕ ਅਤੇ ਰਸਾਤਮਕ ਅਭਿਵਿਅਕਤੀ ਨੂੰ ਕਾਵਿ ਸ਼ਬਦਾ ਦੇ ਨਾਲ ਜੋੜ ਕੇ ਕਾਵਿ ਰਚਨਾ ਨੂੰ ਸੰਗੀਤਕ ਰੂਪ ਰਾਹੀਂ ਇਸ਼ਟ ਆਰਾਧਨਾ ਲਈ ਪ੍ਰਯੋਗ ਕੀਤਾ। ਜਦੋਂ ਕਾਵਿ ਰਚਨਾ ਸਵਰ, ਤਾਲ ਅਤੇ ਲੈਅ ਬੱਧ ਰੂਪ ਵਿਚ ਪੇਸ਼ ਕੀਤੀ ਜਾਂਦੀ ਹੈ ਤਾਂ ਆਨੰਦ ਦੁੱਗਣਾ ਹੋ ਜਾਂਦਾ ਹੈ।

"ਸੰਗੀਤ ਦੁਆਰਾ ਭਾਵਨਾਓਂ ਕੋ ਵਿਅਕਤ ਕਰਨੇ ਕਾ ਮਾਧਿਅਮ 'ਰਾਗ' ਜੋ ਨਾਦ ਕੀ ਏਕ ਵਿਸ਼ੇਸ਼ ਗਤੀ ਹੈ। ਨਾਦ ਦੁਆਰਾ ਰਸ ਸੰਚਾਰ ਕਰਨਾ ਹੀ ਸੰਗੀਤ ਕਾ ਲਕਸ਼ ਹੈ ... 'ਰਾਗ' ਯਦਿ ਵਰਿਕਸ਼ ਹੈ ਤੋਂ 'ਰੰਜਕਤਾ' ਉਸਕਾ 'ਫਲ'। ਰਾਗ ਗਾਇਨ ਕਰਨੇ ਕਾ ਲਕਸ਼ ਹੀ ਰੰਜਕਤਾ ਦੁਆਰਾ ਰਸ ਕੀ ਉਤਪਤੀ ਕਰਨਾ ਹੈ।"[3]

ਕਾਵਿ ਅਤੇ ਸੰਗੀਤ ਇਕ ਦੂਜੇ ਦੇ ਪੂਰਕ ਹਨ। ਕਾਵਿ ਸ਼ਬਦਾਂ ਰਾਹੀਂ ਸਾਕਾਰ ਰੂਪ ਧਾਰਨ ਕਰਦਾ ਹੈ ਅਤੇ ਸੰਗੀਤ ਨਿਰਾਕਾਰ ਰੂਪ। ਸੰਗੀਤ ਅਜਿਹਾ ਸਾਧਨ ਹੈ ਜੋ ਸ਼ਬਦਾਂ ਦੇ ਭਾਵ ਨੂੰ ਸੁਗਮਤਾ ਨਾਲ ਚਿਰਸਥਾਈ ਬਣਾਉਂਦਾ ਹੈ।

---

[1] ਸ਼ਾਸਤਰੀ, ਕੰਠਮਣੀ (ਪ੍ਰੋ.) (ਸੰਪਾ.), ਜਨਮਤਹੀ ਅਸ਼ਟਛਾਪ, (ਪ੍ਰਾਚੀਨ ਵਾਰਤਾ ਰਹੱਸਅ), ਪੰਨੇ 16, 17.
[2] ਸੀਤਲ, ਪ੍ਰਭੂ ਦਇਆਲ (ਸੰਪਾ.), ਸੂਰਸਾਰਾਵਲੀ ਪਦ 1102, ਪੰਨਾ 38.
[3] ਸਕਸੇਨਾ, ਰਾਕੇਸ਼ ਬਾਲਾ, ਮਧਅਯੁਗੀਨ ਵੈਸ਼ਣਵ ਸੰਪ੍ਰਦਾਇ ਮੇਂ ਸੰਗੀਤ, ਪੰਨਾ 255.

"ਸੂਰਦਾਸ ਏਕ ਮਹਾਨ ਭਕਤ ਹੋਨੇ ਕੇ ਸਾਥ ਹੀ ਸੰਗੀਤ ਛੇਤਰ ਕੇ ਭੀ ਸਰਵਉੱਚ ਗਿਆਤਾ ਥੇ। ਉਨਕੇ ਸੰਗੀਤ ਕੀ ਵਿਖਆਤੀ, ਇਤਨੀ ਅਧਿਕ ਥੀ ਕਿ ਰਾਜਾ-ਮਹਾਰਾਜਾ ਉਨਕਾ ਸੰਗੀਤ ਸੁਨਨੇ ਕੋ ਲਲਾਇਤ ਰਹਤੇ ਥੇ। ਸੂਰਦਾਸ ਕਾ ਸੰਗੀਤ ਪੂਰਣਤਾ ਸ੍ਰੀ ਕ੍ਰਿਸ਼ਣ ਕੋ ਸਮਰਪਿਤ ਥਾ।"[1]

ਸੂਰਦਾਸ ਜੀ ਨੇ ਕਾਵਿ ਅਤੇ ਸੰਗੀਤ ਦੇ ਅਦਭੁਤ ਸੁਮੇਲ ਨਾਲ ਆਪਣੇ ਗੁਰੂ ਜਾਂ ਆਪਣੇ ਇਸ਼ਟ ਸ੍ਰੀ ਕ੍ਰਿਸ਼ਣ ਨੂੰ ਰਿਝਾਇਆ ਹੈ ਉਨ੍ਹਾਂ ਦਾ ਸੰਗੀਤਕ ਕਾਵਿ ਅਧਿਆਤਮਿਕ ਭਾਵਾਂ ਨਾਲ ਭਰਭੂਰ ਇਸ਼ਟ ਦੀ ਭਗਤੀ ਲਈ ਸੀ ਉਹਨਾਂ ਨੇ ਕਦੇ ਵੀ ਲੌਕਿਕ ਮਨੋਰੰਜਨ ਲਈ ਸੰਗੀਤਕ ਕਾਵਿ ਦਾ ਪ੍ਰਯੋਗ ਨਹੀਂ ਕੀਤਾ। ਬਲਕਿ ਉਪਾਸਨਾ, ਅਰਾਧਨਾ ਨੂੰ ਹੀ ਉੱਤਮ ਠਹਿਰਾਇਆ ਹੈ।

"ਮਨ ਤੇ ਸੌਂ ਕਿਤੀ ਸਮੁਝਾਏ
ਨੰਦ ਨੰਦਨ ਕੇ ਚਰਨ ਕਮਲ ਭਜਿ, ਤਾਜਿ ਪਾਖੰਡ ਚਤੁਰਾਈ।
ਸੂਰਦਾਸ ਭਗਵੰਤ ਭਜਨ ਬਿਨੁ ਜੇਹੈ ਜਨਮ ਗੰਵਾਈ।"[2]

ਸੂਰਦਾਸ ਜੀ ਦੇ ਪਦਾਂ ਵਿਚ ਰਾਗ-ਰਾਗਣੀਆਂ ਦਾ ਵਰਨਣ ਬਹੁਤ ਹੀ ਸਪੱਸ਼ਟ ਮਿਲਦਾ ਹੈ।

"ਸੂਰਦਾਸ ਨੇ ਰਾਗ-ਰਾਗਨੀਓਂ ਕਾ ਚਅਨ ਵਿਸ਼ੇ ਏਂਵ ਸਮੇਂ ਕੀ ਅਪੇਕਸ਼ਾ ਅਨੁਸਾਰ ਕੀਆ ਹੈ। ਜਹਾਂ ਹਰਸ਼ ਔਰ ਉਲਾਸ ਕੇ ਪ੍ਰਸੰਗ ਆਏ ਹੈਂ ਉਨਕਾ ਵਰਨਣ ਰਾਗ ਧਨਾਸ੍ਰੀ, ਕਾਨਹਰੋ, ਟੋਡੀ ਆਦਿ ਮੇਂ ਹੂਆ ਹੈ। ਜਹਾਂ ਵਿਰਹ ਅਥਵਾ ਗੰਭੀਰਤਾ ਕੋ ਦਿਖਾਇਆ ਗਆ ਹੈ ਵਹਾਂ ਰਾਗ ਜੈਤਸ੍ਰੀ, ਰਾਗ ਸਾਰੰਗ, ਰਾਗ ਮਲਾਰ ਮੇਂ ਉਸ ਪ੍ਰਸੰਗ ਕੋ ਬਾਂਦਾ ਗਆ ਹੈ।"[3]

ਸੰਗੀਤਕ ਉਪਾਸਨਾ ਦੀ ਦ੍ਰਿਸ਼ਟੀ ਨਾਲ ਉਹਨਾਂ ਦੇ ਪਦ ਰਾਗ ਰਾਗਣੀਆਂ ਦੇ ਧਿਆਨ ਰੂਪ ਵਿਸ਼ੇਸ਼ ਚਰਚਿਤ ਰਹੇ ਹਨ। ਕਲਾ ਦੀ ਦ੍ਰਿਸ਼ਟੀ ਤੋਂ ਰਾਗ ਰਾਗਣੀਆਂ ਦਾ ਭੰਡਾਰ ਹਨ।

"ਮੁਰਲੀ ਹਰਿ ਕੋ ਭਾਵੈ ਹੀ
ਛਹੋ ਰਾਗ ਛਤੀਸੋ ਰਾਗਿਨੀ
ਇਕ ਇਕ ਨੀਕੈ ਗਾਵੈ ਹੀ"[4]

ਸੂਰਦਾਸ ਜੀ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ ਪ੍ਰੰਤੂ ਸੂਰਸਾਗਰ, ਸੂਰਸਾਰਾਵਲੀ, ਸੂਰ ਸਾਹਿਤਅ, ਵਿਨਅ ਪਦਾਵਲੀ ਪ੍ਰਸਿੱਧ ਗ੍ਰੰਥ ਹਨ। "ਕਾਸ਼ੀ ਨਗਰੀ ਪ੍ਰਚਾਰਿਣੀ ਸਭਾ ਕੀ ਖੋਜ ਰਿਪੋਰਟ ਮੇਂ ਸੂਰਦਾਸ ਜੀ ਕੇ 16 ਗ੍ਰੰਥ ਦਿਏ ਗਏ ਹੈਂ। ... ਸੂਰ ਕੇ ਕੇਵਲ ਤੀਨ ਗ੍ਰੰਥ ਹੀ ਏਸੇ ਹੈਂ ਜਿਨ ਪਰ ਸਭੀ ਵਿਦਵਾਨ ਏਕ ਮਤ ਹੈਂ।"[5]

ਸੂਰਦਾਸ ਜੀ ਦੇ ਗ੍ਰੰਥ ਸੂਰਸਾਗਰ ਅਤੇ ਸੂਰ ਸਾਰਾਵਲੀ ਵਿਚ ਸੰਗੀਤ ਦੇ ਪਹਿਲੂਆਂ ਤੇ ਖਾਸ ਪ੍ਰਕਾਸ਼ ਪਾਇਆ ਗਿਆ ਹੈ। ਸੂਰ ਸਾਰਾਵਲੀ ਵਿਚ ਹੋਲੀ ਦੀਆਂ ਲੀਲਾਵਾਂ ਦਾ ਵਰਨਣ ਹੈ। ਸੰਪੂਰਨ ਸੰਸਾਰ ਅਤੇ ਸੰਸਾਰ ਦੇ ਕਾਰ ਵਿਹਾਰ ਨੂੰ ਹੋਲੀ ਦੇ ਖੇਲ ਰੂਪ ਦਰਸਾਇਆ ਗਿਆ ਹੈ। ਸੂਰਦਾਸ ਜੀ ਦਾ

---

1 ਸਿਨਹਾ, ਸੁਰੇਖਾ (ਡਾ.), ਮਧਅਯੁਗੀਨ ਸ਼ਾਸਤਰੀ ਸੰਗੀਤ ਕੇ ਆਧਾਰ ਸਤੰਭ, ਅਸ਼ਟਸਖਾ, ਪੰਨਾ 6.
2 ਵਾਜਪਈ ਨੰਦ ਦੁਲਾਰੇ, ਸੂਰਸਾਗਰ-ਪਦ 370, ਪੰਨਾ 104.
3 ਭੰਡਾਰੀ, ਸੁਗੰਧੀ (ਡਾ.) (ਸੰਪਾ.), ਨਰਿਤ ਗੂੰਜਨ, ਪੰਨਾ 177.
4 ਵਾਜਪਈ ਨੰਦ ਦੁਲਾਰੇ, ਸੂਰਸਾਗਰ ਖੰਡ-1, ਪਦ 1856, ਪੰਨਾ 698.
5 ਰਾਕੇਸ਼, ਨਿਬੰਧ ਦਰਸ਼ਨ, ਪੰਨਾ 288.

ਕਾਵਿ ਆਨੰਦ ਦਾ ਕਾਵਿ ਹੈ, ਰਸ ਦਾ ਸਾਗਰ ਹੈ। ਸੂਰਦਾਸ ਜੀ ਦੇ ਕਾਵਿ ਵਿਚ ਵਾਤਸਲਅ, ਕਰੁਣਾ ਸਾਂਤ, ਵੀਰ, ਹਾਸ, ਅਦਭੁਤ ਰੋਦਰ ਰਸ ਦੇ ਪਦ ਮਿਲਦੇ ਹਨ। ਪ੍ਰੰਤੂ ਵਾਤਸਲਅ ਅਤੇ ਸ਼ਿੰਗਾਰ ਰਸ ਉਹਨਾਂ ਦੀ ਕਾਵਿ ਰਚਨਾ ਦੇ ਸ਼੍ਰੋਮਣੀ ਰਸ ਹਨ। ਸ਼ਿੰਗਾਰ ਰਸ ਦੇ ਅੰਤਰਗਤ ਸੰਯੋਗ ਅਤੇ ਵਿਯੋਗ ਦੋਹਾਂ ਦਾ ਹੀ ਚਿਤਰਣ ਪ੍ਰਸਤੁਤ ਕੀਤਾ ਗਿਆ ਹੈ।

"ਰਾਜਤ ਰੀ ਬਨਮਾਲ ਗਰੇ ਹਰਿ ਆਵਤ ਬਨ ਤੈਂ
ਫੂਲਨਿ ਸੋ ਲਾਲ ਪਾਗ, ਲਟਕਿ ਰਹੀ ਬਾਮ ਭਾਗ,
ਸੋ ਛਬਿ ਲਖਿ ਸਾਨੁਰਾਗ, ਟਰਤਿ ਨਾ ਮਨ ਤ"[1]

– "ਹੋਰੀ ਖੇਲੇ ਸਿਆਸ ਸੰਗ ਨਵਲ ਬਾਨ ਵਾਰਿਸ਼ ਭਾਨ ਬਾਮ ਤਨ ਕਨ ਕਨ ਕਨ ਹੋਰੀ
ਸੰਗ ਲਿਏ ਗਵਾਲ ਬਾਲ ਬਾਜਤ ਡੂਫ਼ ਤਾਲ ਉੜਤ ਗੁਲਾਲ ਫਨ ਨਨ ਨਨ ਹੋਈ"[2]

– "ਦੇਖੋ ਮਾਈ ਸੁੰਦਰਤਾ ਕੋ ਸਾਗਰ
ਬੁਧਿ ਵਿਵੇਕ ਬਲ ਪਾਰ ਨ ਪਾਵਤ
ਮਗਨ ਹੋਤ ਮਨ ਸਾਗਰ"[3]

– "ਜਬ ਹਰਿ ਮੁਰਲੀ ਅਧਰ ਧਰੀ
ਗ੍ਰਹਿ ਬਿਉਪਾਰ ਤਜੇ ਅਧਰ ਧਰੀ
ਚਲਤ ਨ ਸੰਕ ਕਰੀ"[4]

– "ਦੋਊ ਭੈਅ ਮੈਆ ਪੈ ਮਾਂਗਤ ਦੈ ਰੀ ਮਾਖਨ ਰੋਟੀ
ਬਲ ਜੂ ਰਾਹਓ ਨਾਸਿਕ ਮੋਤੀ, ਕਾਂਨਹ ਕੁੰਵਰ ਗਹਿ ਦ੍ਰਿੜ ਕਰਿ ਚੋਟੀ"[5]

ਸੂਰਦਾਸ ਜੀ ਦੇ ਪਦਾਂ ਵਿਚ ਅਨੇਕ ਪ੍ਰਕਾਰ ਦੇ ਵਾਦਾਂ ਦਾ ਵੀ ਵਰਨਣ ਮਿਲਦਾ ਹੈ।

"ਕਾਵਿ ਦੁਦੰਭੀ ਦੇਵ ਬਜਾਈ ਸੁਰ ਨਾਰੀ ਸੁਮਨ ਵਰਸਾਈ"
"ਮੁਰਲੀ ਨਾਦ ਮਿਰਦੰਗ ਮਿਰਦੰਗੀ ਅਧਰ ਬਜਾਵਨ ਹਾਰੇ"

ਸੰਗੀਤ ਦੀ ਨਰਿਤ ਵਿਧਾ ਦਾ ਵੀ ਸੂਰਦਾਸ ਜੀ ਨੇ ਆਪਣੇ ਪਦਾਂ ਵਿਚ ਵਿਆਪਕ ਪ੍ਰਯੋਗ ਕੀਤਾ ਹੈ।

"ਨਾਚੈ ਕਰ ਦੈ ਦੈ ਤਾਲ"

ਸੂਰਦਾਸ ਜੀ ਦਾ ਸੰਪੂਰਨ ਸੰਗੀਤਕ ਕਾਵਿ ਅਧਿਆਤਮਿਕ ਰਸ ਨਾਲ ਓਤਪ੍ਰੋਤ ਸੀ। ਉਹਨਾਂ ਨੇ ਆਪਣੇ ਇਸ਼ਟ ਨੂੰ ਰਿਝਾਉਣ ਦੇ ਲਈ ਸੰਗੀਤਕ ਉਪਾਸਨਾ ਕੀਤੀ।

"ਸੂਰਕਾਵਿ ਮੇਂ ਕ੍ਰਿਸ਼ਣ ਸੇ ਸੰਬੰਧਿਤ ਜੀਵਨ ਲੀਲਾਓਂ ਮੇਂ ਵਿਵਾਹ, ਜਨਮ, ਬਾਲ ਔਰ ਤਿਉਹਾਰੋਂ ਕੇ ਵਰਨਣ ਮੇਂ ਹਰਸ਼ ਔਰ ਉਲਾਸ ਕੇ ਛਣੋਂ ਮੇਂ ਅਨੇਕ ਵਾਦ-ਯੰਤਰੋਂ ਔਰ ਸੰਗੀਤ ਕੀ ਸਵਰਾਂ ਵਲੀਓਂ ਕਾ

---

[1] ਵਾਜਪੇਈ, ਨੰਦਦੁਲਾਰੇ (ਸੰਪਾ.), ਸੁਰਸਾਗਰ ਪਦ 1375, ਪੰਨਾ 737.
[2] ਕੀਰਤਨ ਸੰਗ੍ਰਹਿ, ਪਦ 131.
[3] ਵਾਜਪੇਈ, ਨੰਦ ਦੁਲਾਰੇ (ਸੰਪਾ.), ਸੁਰਸਾਗਰ (ਪਹਿਲਾ ਖੰਡ) ਪਦ ਸੰਖਿਆ – 1240, ਪੰਨਾ 387.
[4] ਉਹੀ, ਪੰਨਾ 394.
[5] ਪਾਂਡੇਅ ਸੰਭੂਨਾਥ, ਸੂਰ ਕੀ ਕਾਵਿ ਕਲਾ, ਪੰਨਾ 289.

ਵਰਨਣ ਮਿਲਤਾ ਹੈ। ਝਾਂਝ, ਡਫ਼, ਮਿਰਦੰਗ, ਬੀਨ, ਵੇਣੂ, ਘੁੰਘਰੂ, ਨਰਿਤ ਔਰ ਰਾਗੋਂ ਕੇ ਸੰਮਿਸ਼ਰਣ ਸੇ ਸੰਪੂਰਨ ਪਰਿਵੇਸ਼ ਹਰਸੋਉਲਾਸ ਸੇ ਆਮੋਮੋਏ ਹੋ ਜਾਤਾ ਥਾ। ”[1]

ਸੰਗੀਤ ਦੇ ਅਧਿਆਤਮਿਕ ਪੱਖ ਅਤੇ ਪਵਿੱਤਰ ਰੂਪ ਨੂੰ ਬਣਾਏ ਰੱਖਣ ਵਿਚ ਸੂਰਦਾਸ ਜੀ ਦਾ ਅਹਿਮ ਰੋਲ ਰਿਹਾ ਹੈ। ਤਤਕਾਲੀਨ ਸਮਾਜ ਵਿਚ ਜਿੱਥੇ ਸੰਗੀਤ ਕੇਵਲ ਭੌਤਿਕ ਸੁਖ ਦਾ ਕਾਰਣ ਬਣਿਆ ਹੋਇਆ ਹੈ। ਇਹਨਾਂ ਭਗਤਾਂ, ਸੰਤਾਂ, ਸੂਫ਼ੀਆਂ ਦੇ ਕਾਰਣ ਹੀ ਸੰਗੀਤ ਪਵਿੱਤਰਤਾ ਅਤੇ ਅਧਿਆਤਮਿਕਤਾ ਦਾ ਚੋਲਾ ਪਹਿਨ ਕੇ ਸਦਾ ਹੀ ਅਮਰ ਰਿਹਾ। ਸਾਇਦ ਇਹੀ ਕਾਰਣ ਹੈ ਕਿ 'ਮੈਆ ਮੇਰੀ ਮੈਂ ਨਹੀਂ ਮਾਖਨ ਖਾਇਓ' ਅਤੇ ਮੈਆ ਤੇਰੋ ਚਿਰ ਜੀਵੇ ਗੋਪਾਲ' ਆਦਿ ਭਜਨ ਅੱਜ ਵੀ ਗਾਇਕਾ ਦੀ ਪਹਿਲੀ ਪਸੰਦ ਬਣਕੇ ਸੂਰਦਾਸ ਜੀ ਦੇ ਗਾਇਨ ਨੂੰ ਸਾਰਥਕ ਅਤੇ ਅਮਰ ਕਰ ਰਹੇ ਹਨ।

## 4.7 ਮੀਰਾ

ਕ੍ਰਿਸ਼ਨ ਭਗਤਾਂ ਵਿਚੋਂ ਸਭ ਤੋਂ ਮੁੱਖ ਸਾਇਰਾ ਮੀਰਾ ਦੀ ਵੀ ਭਗਤੀ ਅੰਦੋਲਨ ਵਿਚ ਅਹਿਮ ਭੂਮਿਕਾ ਰਹੀ ਹੈ। ਮੀਰਾ ਦਾ ਜਨਮ ਰਾਜਾ ਰਤਨ ਸਿੰਘ ਰਾਠੋਰ ਦੇ ਘਰ ਹੋਇਆ ਪ੍ਰੰਤੂ ਮੀਰਾ ਦਾ ਬਚਪਨ ਬਹੁਤ ਹੀ ਦੁਰਭਾਗ ਪੂਰਨ ਰਿਹਾ ਹੈ। ਛੋਟੀ ਉਮਰ ਵਿਚ ਹੀ ਮੀਰਾ ਅਨਾਥ ਹੋ ਗਈ। ਮੀਰਾ ਦਾ ਬਚਪਨ ਉਸਦੇ ਚਚੇਰੇ ਭਰਾ ਜਅਮਲ ਦੇ ਨਾਲ ਸਿੱਖਿਆ, ਸੰਸਕਾਰ ਅਤੇ ਭਗਤੀ ਭਾਵਨਾ ਦੇ ਮਾਹੌਲ ਵਿਚ ਬੀਤਿਆ। ਇਕ ਕਿਵਦੰਤੀ ਦੇ ਅਨੁਸਾਰ ਮੀਰਾ ਨੇ ਛੋਟੀ ਉਮਰ ਵਿਚ ਇਕ ਵਾਰ ਕਿਸੇ ਦੀ ਬਾਰਾਤ ਨੂੰ ਦੇਖ ਕੇ ਆਪਣੀ ਮਾਤਾ ਨੂੰ ਪੁਛਿਆ ਕਿ ਮੇਰਾ ਪਤੀ ਕੌਣ ਹੈ ਤਾਂ ਉਹਨਾਂ ਨੇ ਸੁਭਾਵਿਕ ਹੀ ਕਹਿ ਦਿਤਾ ਕਿ ਤੇਰਾ ਲਾੜਾ ਗਿਰਧਰ ਗੋਪਾਲ ਹੈ। ਏਸੇ ਗੱਲ ਨੇ ਮੀਰਾ ਦੇ ਦਿਲ ਵਿਚ ਘਰ ਕਰ ਲਿਆ। “ਮੇਰੇ ਤੋਂ ਗਿਰਧਰ ਗੋਪਾਲ ਦੂਸਰਾ ਨਾ ਕੋਇ” ਦੇ ਅਨੁਸਾਰ ਉਸਨੇ ਬਚਪਨ ਤੋਂ ਹੀ ਗਿਰਧਰ ਗੋਪਾਲ ਨੂੰ ਆਪਣਾ ਇਸ਼ਟ ਮਨ ਲਿਆ ਤੇ ਬਚਪਨ ਤੋਂ ਹੀ ਕ੍ਰਿਸ਼ਨ ਦੀ ਭਗਤੀ ਵਿਚ ਲੀਨ ਰਹੀ। ਇਸੇ ਤਰ੍ਹਾਂ ਹੀ ਇਕ ਕਿਵਦੰਤੀ ਦੇ ਅਨੁਸਾਰ ਇਕ ਵਾਰ ਕਿਸੇ ਬਜ਼ੁਰਗ ਨੇ ਉਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਦਿੱਤੀ। ਬਾਲ ਮੀਰਾ ਨੂੰ ਉਸ ਮੂਰਤੀ ਨਾਲ ਬਚਪਨ ਤੋਂ ਹੀ ਬਹੁਤ ਲਗਾਵ ਹੋ ਗਿਆ ਸੀ ਅਤੇ ਸਮੇਂ ਦੇ ਨਾਲ-ਨਾਲ ਉਹ ਕ੍ਰਿਸ਼ਨ ਦੀ ਭਗਤੀ ਵਿਚ ਦੀਵਾਨੀ ਹੋ ਗਈ।

“ਮੀਰਾ ਚੂੰਕਿ ਰਾਜਕੁਲ ਕੀ ਕੰਨਿਆ ਥੀ, ਇਸ ਕਾਰਨ ਉਨਹੇਂ ਸਬ ਸੁਵਿਧਾਏਂ ਸਹਿਜ ਹੀ ਪ੍ਰਾਪਤ ਥੀਂ। ਉਸਨੇ ਸੰਗੀਤ ਵਿਧਾ ਕੀ ਵਿਧੀਗਤ ਸਿਕਸਾ ਗ੍ਰਹਿਨ ਕੀ। ਸ਼ੈਸਵ ਕਾਲ ਸੇ ਹੀ ਮੀਰਾ ਕ੍ਰਿਸ਼ਣ ਪਦੋਂ ਕੋ ਅਪਨੇ ਮਧੁਰ ਕੰਠ ਸੇ ਗਾਇਆ ਕਰਤੀ ਥੀ। ”[2]

ਮੀਰਾ ਦਾ ਵਿਆਹ ਮੇਵਾੜ ਦੇ ਰਾਣਾ ਪਰਿਵਾਰ ਵਿਚ ਹੋਇਆ। ਵਿਆਹ ਦੇ ਕੁਝ ਸਾਲਾਂ ਬਾਅਦ ਹੀ ਮੀਰਾ ਦੇ ਪਤੀ ਦਾ ਦੇਹਾਂਤ ਹੋ ਗਿਆ। ਪਤੀ ਦੀ ਮੌਤ ਤੋਂ ਬਾਅਦ ਮੀਰਾ ਸਮਕਾਲੀ ਪਰਿਸਥਿਤੀਆਂ ਦੇ ਅਨੁਸਾਰ ਨਾ ਹੀ ਸਤੀ ਹੋਈ ਅਤੇ ਨਾਂ ਹੀ ਉਸਨੇ ਵਿਧਵਾਵਾਂ ਦੀ ਤਰ੍ਹਾਂ ਰਾਜ ਪ੍ਰੀਵਾਰ ਦੀ ਦਾਸੀ ਬਣਕੇ

---

[1] ਗੋਤਮ, ਮੀਰਾ (ਡਾ.), ਸੂਰਕਾਵਿ ਮੇਂ ਲੋਕ ਦਰਿਸ਼ਟੀ ਕਾ ਵਿਸ਼ਲੇਸ਼ਣ, ਪੰਨਾ 478.

[2] ਪ੍ਰਤਾਪ, ਰਾਗਿਨੀ (ਡਾ.), ਸੂਰ, ਮੀਰਾ ਏਵੰ ਸਵਾਮੀ ਹਰੀਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 43.

ਰਹਿਣਾ ਕਬੂਲ ਕੀਤਾ। ਕ੍ਰਿਸ਼ਨ ਦੇ ਪ੍ਰੇਮ ਵਿਚ ਰੰਗੀ ਹੋਈ ਮੀਰਾ ਨੇ ਰਾਜਸੀ ਤੇ ਸਮਾਜਿਕ ਪ੍ਰਤਿਸ਼ਟਾ ਨੂੰ ਠੁਕਰਾਉਂਦੇ ਰਾਣਾ ਪ੍ਰੀਵਾਰ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਹੈ

"ਰਾਣਾ ਜੀ ਅਬ ਨਾ ਰਹੂੰਗੀ ਤੋਰੀ ਹਟਕੀ,
ਸਾਧੂ ਸੰਗ ਮੋਹਿ ਪਿਆਰਾ ਲਾਗੇ, ਲਾਜ ਗਈ ਘੂੰਘਟ ਕੀ"

ਮੀਰਾ ਨੇ ਦੁਨੀਆਂ ਦੀ ਝੂਠੀ ਮਰਿਆਦਾ ਅਤੇ ਰੀਤੀ ਰਿਵਾਜਾਂ ਦਾ ਖੰਡਨ ਕਰਦੇ ਹੋਏ ਘਰ ਛੱਡ ਦਿੱਤਾ ਤੇ ਰਾਮਾਨੰਦ ਦੇ ਚੇਲੇ ਰਾਏ ਦਾਸ ਦੀ ਚੇਲੀ ਬਣ ਗਈ। "ਮੀਰਾ ਚਿਤੌੜ ਤੋਂ ਨੱਸ ਕੇ ਰਾਮਨੰਦ ਦੇ ਇਕ ਚੇਲੇ ਰਾਏ ਦਾਸ ਚਮਾਰ ਦੀ ਚੇਲੀ ਬਣ ਗਈ। ... ਫੇਰ ਉਹ ਬ੍ਰਿੰਦਾਬਨ ਤੇ ਦਵਾਰਕਾ ਚਲੀ ਗਈ ਜਿੱਥੇ ਕ੍ਰਿਸ਼ਨ ਨੇ ਆਪਣਾ ਜੀਵਨ ਗੁਜ਼ਾਰਿਆ ਸੀ।"[1]

ਮੀਰਾ ਅਧਿਆਤਮਿਕ ਤੌਰ ਤੇ ਸੰਪੂਰਨ ਭਗਤਾਂ ਦੇ ਨਾਲ ਆਪਣਾ ਜੀਵਨ ਜਾਪਨ ਕਰਨਾ ਚਾਹੁੰਦੀ ਸੀ। "ਕਹਤੇ ਹੈ ਕਿ ਏਕ ਬਾਰ ਵਹ ਜੀਵ ਗੋਸਵਾਮੀ ਸੇ ਮਿਲਨੇ ਵਰਿੰਦਾਵਨ ਗਈ, ਵੇ ਨਹੀਂ ਮਿਲੇ ਔਰ ਸੇਵਕ ਸੇ ਕਹਲਾ ਦੀਆ ਕਿ ਮੈਂ ਇਸਤਰੀਓਂ ਸੇ ਨਹੀਂ ਮਿਲਤਾ। ਯਹ ਸੁਨਕਰ ਮੀਰਾ ਜ਼ੋਰ ਸੇ ਹੰਸੀ ਔਰ ਕਹਾ ਕਿ ਮੈਨੇ ਤੋ ਸੁਨਾ ਥਾ ਕਿ ਵਰਿੰਦਾਵਨ ਮੇਂ ਪੁਰਸ਼ ਤੋਂ ਕੇਵਲ ਕ੍ਰਿਸ਼ਨ ਹੈ। ਬਾਕੀ ਸਬ ਗੋਪੀਆਂ ਹੈਂ, ਫਿਰ ਯਹ ਪੁਰਸ਼ ਕਹਾਂ ਸੇ ਆ ਗਏ? ਯਹ ਸੁਨਕਰ ਜੀਵ ਗੋਸਵਾਮੀ ਉਸਸੇ ਮਿਲਨੇ ਕੇ ਲਿਏ ਦੌੜੇ ਆਏ।"[2]

ਮੀਰਾ ਵੀ ਵੈਸ਼ਣਵਾਂ, ਸੂਫ਼ੀਆਂ ਦੀ ਤਰ੍ਹਾਂ ਆਪਣੇ ਇਸ਼ਟ ਭਗਵਾਨ ਕ੍ਰਿਸ਼ਨ ਨੂੰ ਰਿਝਾਉਣ ਲਈ ਪੈਰਾਂ ਵਿਚ ਘੁੰਗਰੂ ਬਨ ਕੇ ਨਚਦੀ ਸੀ। ਮੀਰਾ ਫ਼ਕੀਰਾਂ ਦੀ ਤਰ੍ਹਾਂ ਦੁਨਿਆਵੀ ਰੀਤੀ-ਰਿਵਾਜਾਂ ਨੂੰ ਛੱਡ ਕੇ ਸਿਰਫ਼ ਆਪਣੇ ਕ੍ਰਿਸ਼ਨ ਦੀ ਭਗਤੀ ਵਿਚ ਮਸਤ ਸੀ।

"ਪਗ ਘੁੰਗਰੂ ਬਾਂਧ ਮੀਰਾ ਨਾਚੀ ਰੇ
ਲੋਗ ਕਹੂੰਆਂ ਮੀਰਾ ਭਈ ਬਾਵਰੀ
ਸਾਸੂ ਕਹੂਆਂ ਕੁਲਨਾਮੀ ਰੇ"

ਬਦਨਾਮੀ ਦੀ ਪਰਵਾਹ ਨਾ ਹੋਣਾ, ਕੁਲ ਦੀ ਪ੍ਰਤੀਸ਼ਟਾ ਨੂੰ ਠੁਕਰਾਉਣਾ ਆਦਿ ਤੋਂ ਮੀਰਾ ਤੇ ਬਾਬਾ ਬੁੱਲ੍ਹੇ ਸ਼ਾਹ ਦੀ ਸਮਾਨ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਕਿਉਂਕਿ ਬਾਬਾ ਬੁੱਲ੍ਹੇ ਸ਼ਾਹ ਨੇ ਵੀ ਆਪਣੇ ਪੀਰ ਨੂੰ ਮਨਾਉਣ ਲਈ ਆਪਣੇ ਖਾਨਦਾਨ ਨੂੰ ਠੁਕਰਾ ਕੇ ਪੈਰਾਂ ਵਿਚ ਘੁੰਗਰੂ ਬੰਨ ਕੇ ਨੱਚ-ਨੱਚ ਕੇ ਪੀਰ ਨੂੰ ਰਿਝਾਇਆ ਸੀ।

ਮੀਰਾ ਦੇ ਭਜਨ ਇਸ਼ਕ ਹਕੀਕੀ ਸ਼ਾਇਰੀ ਦੇ ਉੱਚ ਨਮੂਨੇ ਹਨ। "ਜਜਬੇ ਤੇ ਖਲੂਸ ਦੇ ਇਜ਼ਹਾਰ ਦੇ ਜੋਸ਼ ਵਿਚ ਇਹਨਾਂ ਭਜਨਾਂ ਦੀ ਮਿਸਾਲ ਸੈਫ਼ੂ ਦੇ ਕਲਾਮ, ਪਟਗਾਹਜ ਦਿਆ ਸੌਨਿਟਾਂ, ਅਹਿਦਨਾਮਾ, ਕਦੀਮ ਦੀ ਗ਼ਜ਼ਲ, ਉਲਗਜਲਾਤ ਤੇ ਖ਼ਵਾਜਾ ਗੁਲਾਮ ਫਰੀਦ ਦੀਆਂ ਕਾਫ਼ੀਆਂ ਤੋਂ ਬਿਨ੍ਹਾਂ ਕਿਧਰੇ ਨਹੀਂ

[1] ਜਲਾਲਪੁਰੀ, ਸੱਯਦ, ਅਲੀ ਅੱਬਾਸ, ਸੂਫ਼ੀ ਕਾਵਿ ਤੇ ਉਸਦਾ ਪਿਛੋਕੜ, ਪੰਨਾ 78.
[2] ਕੁੰਵਰਪਾਲ ਸਿੰਘ (ਸੰਪਾ.), ਭਕਤੀ ਅੰਦੋਲਨ : ਇਤਿਹਾਸ ਔਰ ਸੰਸਕ੍ਰਿਤੀ, ਪੰਨਾ 302.

ਮਿਲਦੀ। ਮੀਰਾਂ ਦਾ ਕ੍ਰਿਸ਼ਨ ਨਾਲ ਇਸ਼ਕ ਹਕੀਕੀ ਸੀ, ਪਰ ਏਸ ਦੇ ਅੰਦਾਜਇ ਬਿਆਨ ਵਿਚ ਮਜ਼ਾਜ਼ ਦਾ ਰੰਗ ਗਾਲਿਬ ਏ।"[1]

ਮੀਰਾ ਅਜਿਹੀ ਕ੍ਰਿਸ਼ਨ ਭਗਤ ਸੀ ਜੋ ਕ੍ਰਿਸ਼ਨ ਭਗਤੀ ਤਹਿਤ ਸੰਗੀਤਕ ਰਚਨਾਵਾਂ ਕਰਕੇ ਆਪਣੇ ਹਿਰਦੈ ਦੇ ਭਾਵਾਂ ਦੀ ਅਭਿਵਿਅਕਤੀ ਕਰਦੀ ਸੀ।ਮੀਰਾ ਜਦੋਂ ਕਲਪਨਾ ਲੋਕ ਵਿਚ ਪ੍ਰਵੇਸ਼ ਕਰਦੀ ਸੀ ਤਾਂ ਉਸਦੇ ਇਸ਼ਟ ਕ੍ਰਿਸ਼ਨ ਹਰ ਰੂਪ ਵਿਚ ਉਸਦੇ ਸਾਹਮਣੇ ਰਹਿੰਦੇ ਸਨ। ਮੀਰਾ ਦੇ ਪਦ ਆਂਤਰਿਕ ਭਾਵਨਾਵਾਂ ਦੀ ਸ਼ਤਰ ਛਾਇਆ ਵਿਚ ਰਚਿਤ ਸਨ। ਕ੍ਰਿਸ਼ਣ ਦੇ ਪ੍ਰਤੀ ਅਨੁਰਾਗ ਅਤੇ ਸੰਗੀਤ ਦੇ ਪ੍ਰਤੀ ਰੁਚੀ ਦੋਹਾਂ ਦੇ ਸੰਯੋਗ ਨੇ ਮੀਰਾ ਦੇ ਪਦਾਂ ਨੂੰ ਸੰਗੀਤਮਈ ਰੂਪ ਪ੍ਰਦਾਨ ਕੀਤਾ। ਮੀਰਾ ਦੀ ਕ੍ਰਿਸ਼ਨ ਪ੍ਰਤੀ ਸ਼ਰਧਾ ਅਤੇ ਜੀਵਨ ਦੀਆਂ ਵਿਕਰਤ ਪ੍ਰਸਥਿਤੀਆਂ ਨੇ ਮੀਰਾ ਨੂੰ ਸੰਗੀਤਮਈ ਭਗਤੀ ਦੇ ਗਹਿਰੇ ਸਾਗਰ ਵੱਲ ਅਗਰਸਰ ਕੀਤਾ।

ਕਾਵਿ ਦੀ ਪੂਰਤੀ ਸੰਗੀਤ ਨਾਲ ਅਤੇ ਸੰਗੀਤ ਦੀ ਪੂਰਤੀ ਕਾਵਿ ਨਾਲ ਸੰਪੂਰਣਤਾ ਗ੍ਰਹਿਣ ਕਰਦੀ ਹੈ। ਮੀਰਾ ਦੇ ਕਾਵਿ ਵਿਚ ਸਾਹਿਤ ਦੇ ਨਾਲ-ਨਾਲ ਸੰਗੀਤ ਦਾ ਵੀ ਅਦਭੁਤ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਮੀਰਾ ਦੀ ਭਗਤੀ ਵਿਚ ਸੰਗੀਤ ਭਾਵ ਗਾਇਨ ਵਾਦਨ ਅਤੇ ਨਰਿਤ ਦਾ ਸੁਮੇਲ ਹੈ। ਮੀਰਾ ਕ੍ਰਿਸ਼ਨ ਕਾਵਿ ਨੂੰ ਗਾਉਂਦੀ ਸੀ, ਗਾਉਂਦੇ ਹੋਏ ਉਹ ਇੱਕਤਾਰੇ ਦਾ ਵਾਦਨ ਕਰਦੀ ਸੀ ਅਤੇ ਜਦੋਂ ਕ੍ਰਿਸ਼ਨ ਦੀ ਭਗਤੀ ਵਿਚ ਭਾਵ ਆਵੇਸ਼ ਦੀ ਸਥਿਤੀ ਵਿਚ ਪਹੁੰਚਦੀ ਸੀ ਤਾਂ ਨੱਚਦੀ-ਨੱਚਦੀ ਬੇਹਾਲ ਹੋ ਜਾਂਦੀ ਸੀ।

"ਭਕਤੀ, ਸੰਗੀਤ ਔਰ ਕਾਵਿ ਕੀ ਤ੍ਰੀਵੇਣੀ ਕੇ ਸੰਗਮ ਪਰ ਸਮਰਪਿਤ ਮੀਰਾ ਕੇ ਭਾਵ ਸੁਮਨ ਸਾਹਿਤਿਕ ਜਗਤ ਮੇਂ 'ਪਦ' ਸੰਗੀਤਕਾਰੋਂ ਕੀ ਮਹਿਫਿਲ ਮੇਂ 'ਗੀਤ' ਭਕਤੋਂ ਕੀ ਦੁਨੀਆਂ ਮੇਂ 'ਭਜਨ' ਔਰ ਸ਼ਾਸਤਰੀ ਸੁਖਮਾਨੁਸ਼ੀਲਨ ਕੇ ਨਲਿਕਾ ਮੇਂ ਨਾਟਕ ਬਾਂਧਕਰ ਕਾਵਿ ਕੇ ਆਕਾਰ ਪ੍ਰਕਾਰ ਔਰ ਉਸਕੇ ਗੁਣ-ਦੋਸ਼ ਕਾ ਵਿਵੇਚਨ ਕਰਨੇ ਵਾਲੇ ਸਮੀਕਸ਼ਕੋਂ ਕੀ ਪ੍ਰਯੋਗਸ਼ਾਲਾ ਮੇਂ ਗੀਤ ਕਾਵਿ ਕੇ ਆਦਰਸ਼ ਪ੍ਰਤੀਮਾਨ ਕੇ ਰੂਪ ਮੇਂ ਪ੍ਰਤਿਸ਼ਿਠਤ ਹੈ।"[2]

ਮੀਰਾ ਗਾਇਨ, ਵਾਦਨ ਅਤੇ ਨਰਿਤ ਰਾਹੀਂ ਆਤਮਿਕ ਆਨੰਦ ਦੀ ਪ੍ਰਾਪਤੀ ਕਰਦੀ ਸੀ। ਜੋ ਕਿਸੇ ਹੋਰ ਸਾਧਨ ਰਾਹੀਂ ਨਹੀਂ ਹੋ ਸਕਦੀ ਸੀ। ਸੰਗੀਤ ਦੀ ਸੁਰ ਲਹਿਰੀਆਂ ਅਤੇ ਲੈਆਤਮਕ ਧੁਨੀਆਂ ਵਿਚ ਮਸਤ ਮੀਰਾ ਕ੍ਰਿਸ਼ਨ ਨਾਲ ਆਤਮਿਕ ਮਿਲਾਪ ਕਰਦੀ ਸੀ। ਰਿਸ਼ੀਆਂ, ਮੁਨੀਆਂ, ਪੀਰਾਂ-ਫ਼ਕੀਰਾਂ ਅਤੇ ਸੰਗੀਤ ਅਚਾਰਿਆ ਦੇ ਅਨੁਸਾਰ ਸੰਗੀਤ ਹਿਰਦੈ ਦੇ ਭਾਵਾਂ ਨੂੰ ਪ੍ਰਗਟ ਕਰਨ ਦਾ ਸਫ਼ਲ ਸਾਧਨ ਹੈ ਅਤੇ ਧਰਮ, ਮਾਰਗ ਅਤੇ ਮੋਕਸ਼ ਪ੍ਰਾਪਤ ਦਾ ਸੁਗਮ ਮਾਰਗ ਹੈ। ਸਾਰੇ ਹੀ ਅਧਿਆਤਮ ਵਾਦੀਆਂ ਦੀ ਤਰ੍ਹਾਂ ਮੀਰਾ ਨੇ ਵੀ ਸੰਗੀਤ ਕਲਾ ਨੂੰ ਪ੍ਰਮਾਤਮਾ ਦੀ ਅਰਾਧਨਾ ਦਾ ਆਧਾਰ ਸ਼ਰੋਤ ਮੰਨਦੇ ਹੋਏ ਆਪਣੇ ਕਾਵਿ ਵਿਚ ਸੰਗੀਤਕ ਸ਼ਬਦਾਵਲੀ ਦਾ ਉਲੇਖ ਵੀ ਕੀਤਾ ਹੈ।

"ਆਇਆ ਵਾਰੀ ਮੁਰਾਰੀ
ਵਾਜਓ ਝਾਂਝ ਮਿਰਦੰਗ, ਮੁਰਲੀਆਂ
ਬਾਜਆ ਕਰ ਇਕਤਾਰੀ

[1] ਜਲਾਲਪੁਰੀ, ਸਯਦ ਅੱਲੀ ਅੱਬਾਸ, ਸੂਫ਼ੀ ਕਾਵਿ ਤੇ ਉਸਦਾ ਪਿਛੋਕੜ, ਪੰਨੇ 78, 79.
[2] ਸੰਗੀਤ, ਮੀਰਾ ਸਮਰਿਤੀ ਗ੍ਰੰਥ, ਪੰਨਾ 85.

ਆਇਆ ਬਸੰਤ ਪਿਆ ਘਰ ਵਾਰੀ

ਮਹਾਰੀ ਪੀੜਾ ਭਾਰੀ"[1]

- "ਹੋਰੀ ਖੇਲਤ ਹੈ ਗਿਰਧਾਰੀ

ਮੁਰਲ ਖੇਲਤ ਬਜਤ ਡਫ਼ ਨਿਆਰੀ

ਸੰਗ ਜੁਵਤਿ ਕਰ ਨਿਆਰੀ"[2]

ਮੀਰਾ ਦੇ ਕਾਵਿ ਸੰਬੰਧੀ ਡਾ. ਰਾਗਿਨੀ ਪ੍ਰਤਾਪ ਨੇ ਬ੍ਰਜ ਰਤਨ ਦਾਸ ਦਾ ਹਵਾਲਾ ਦਿੰਦਿਆ ਹੋਇਆ ਲਿਖਿਆ ਹੈ ਕਿ "ਸਨ 1956 ਮੇਂ ਕਲਕੱਤਾ ਵਿਸ਼ਵਵਿਦਿਆਲਿਆ ਕੇ ਸ੍ਰੀ ਲਲਿਤਾ ਪ੍ਰਸਾਦ ਮੁਕੁਲ ਕੋ ਵੇ ਪਦ ਪ੍ਰਾਪਤ ਹੁਏ। ਇਸਕੇ ਅਤਿਰਿਕਤ ਕਾਨਪੁਰ, ਰਾਇਬਰੇਲੀ, ਮਥੁਰਾ, ਉਦੈਪੁਰ ਆਦਿ ਸਥਾਨੋ ਮੇਂ 16 ਹਸਤਲਿਖਿਤ ਪ੍ਰਤਿਓਂ ਮੇਂ ਮੀਰਾ ਕੇ ਪਦ ਪ੍ਰਾਪਤ ਹੁਏ ਹੈਂ ਜੋ ਅਠਾਰਵੀਂ ਸ਼ਤਾਬਦੀ ਮੇਂ ਲਿਪੀਬੱਧ ਹੁਏ। ਪ੍ਰਾਪਤ ਪ੍ਰਤਿਓ ਮੇਂ 96 ਸੇ 124 ਤਕ ਪਦ ਗਾਏ ਜਾਤੇ ਹੈਂ।"[3]

"ਮੀਰਾ ਰਾਹੀਂ 60 ਰਾਗ ਰਾਗਣੀਆਂ ਵਿਚ ਕ੍ਰਿਸ਼ਨ ਜੀ ਦੀ ਅਰਾਧਨਾ ਦੇ ਭਜਨ ਰਚੇ ਗਏ ਜੋ ਉਸ ਨੇ ਖੁਦ ਗਾਏ।"[4]

ਕਾਵਿ ਅਤੇ ਸੰਗੀਤ ਦੀ ਦ੍ਰਿਸ਼ਟੀ ਤੋਂ ਮੀਰਾ ਦੇ ਪਦ ਬਹੁਤ ਹੀ ਮਹੱਤਵਪੂਰਨ ਅਤੇ ਉੱਚ ਸਥਾਨ ਰੱਖਦੇ ਹਨ। ਪ੍ਰਭੂ ਮਿਲਨ ਦੀ ਵਿਆਕੁਲਤਾ ਅਤੇ ਮਨੋਭਾਵਾਂ ਨੂੰ ਵਿਅਕਤ ਕਰਨ ਦੇ ਲਈ ਮੀਰਾ ਨੇ ਕਾਵਿ ਅਤੇ ਸੰਗੀਤ ਦੇ ਸੁਮੇਲ ਰਾਹੀਂ ਆਪਣੀ ਭਗਤੀ ਭਾਵਨਾ ਨੂੰ ਪ੍ਰਗਟ ਕੀਤਾ। ਮੀਰਾ ਦੇ ਪਦਾਂ ਨੂੰ ਸੰਗੀਤ ਨੇ ਅਮਰ ਰੂਪ ਪ੍ਰਦਾਨ ਕੀਤਾ।

## 4.8 ਸ਼ਾਹ ਹੁਸੈਨ

ਸ਼ਾਹ ਹੁਸੈਨ ਦਾ ਜਨਮ 1538-39 ਵਿਚ ਹੋਇਆ ਮੰਨਿਆ ਜਾਂਦਾ ਹੈ। ਜਨਮ ਦੇ ਹਿਸਾਬ ਨਾਲ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ। ਇਨ੍ਹਾਂ ਦੇ ਪਿਤਾ ਦਾ ਨਾਂ ਸ਼ੇਖ ਉਸਮਾਨ ਸੀ। ਇਹ ਜਾਤ ਦੇ ਜੁਲਾਹੇ ਸਨ। ਕੁਝ ਵਿਦਵਾਨਾਂ ਦੇ ਅਨੁਸਾਰ ਇਨ੍ਹਾਂ ਦੇ ਵਡੇਰੇ ਹਿੰਦੂ ਸਨ ਅਤੇ ਫ਼ਿਰੋਜ ਤੁਗਲਕ ਦੇ ਸਮੇਂ ਮੁਸਲਮਾਨ ਬਣੇ। ਧਰਮ ਪਰਿਵਰਤਨ ਦੇ ਬਾਅਦ ਹੀ ਇਨ੍ਹਾਂ ਦੇ ਵਡੇਰਿਆਂ ਨੂੰ ਜੁਲਾਹੇ ਦਾ ਕੰਮ ਕੀਤਾ। "ਇਨ੍ਹਾਂ ਦੇ ਵਡੇਰੇ ਕਾਲ ਸਰਾਇ ਰਾਜਪੂਤ ਸਨ, ਜੋ ਫਿਰੋਜ਼ ਸ਼ਾਹ ਤੁਗਲਕ ਦੇ ਸ਼ਾਸਨ ਸਮੇਂ ਇਸਲਾਮ ਧਾਰਨ ਕਰਕੇ ਮੁਸਲਮਾਨ ਬਣ ਗਏ।"[5]

ਸ਼ਾਹ ਹੁਸੈਨ ਦੇ ਪਿਤਾ ਸ਼ੇਖ ਉਸਮਾਨ ਨੇ ਆਪ ਨੂੰ ਅਬੂ ਬਕਰ ਦੀ ਦਰਗਾਹ ਵਿਚ ਪੜ੍ਹਨ ਲਈ ਭੇਜਿਆ। "ਕਹਿੰਦੇ ਹਨ ਕਿ ਇਸ ਨੇ ਦਸ ਸਾਲ ਦੀ ਉਮਰ ਵਿਚ ਕੁਰਾਨ ਨੂੰ ਜ਼ਬਾਨੀ ਯਾਦ ਕਰ ਲਿਆ।"[6]

---

1 ਮੀਰਾ ਕੀ ਪ੍ਰਮਾਣਿਕ ਪਦਾਵਲੀ-ਪਦਸੰਖਿਆ, ਪੰਨਾ 33.
2 ਸੰਗੀਤ, ਮਾਰਚ 1983, ਪੰਨਾ 7.
3 ਪ੍ਰਤਾਪ, ਰਾਗਿਨੀ (ਡਾ.), ਸੂਰ, ਮੀਰਾ ਏਂਵ ਸਵਾਮੀ ਹਰੀਦਾਸ ਕੀ ਭਕਤੀ ਸਾਧਨਾ ਮੇਂ ਸੰਗੀਤ ਕਾ ਯੋਗਦਾਨ, ਪੰਨਾ 51.
4 ਗਿੱਲ, ਗੁਰਪ੍ਰਤਾਪ ਸਿੰਘ, ਗੁਰਮਤਿ ਸੰਗੀਤ ਵਿਚ ਪ੍ਰਯੁਕਤ ਲੋਕ ਸੰਗੀਤਕ ਤੱਤ, ਪੰਨਾ 16.
5 ਅਜੀਤ, ਮੰਗਲਵਾਰ 27 ਮਾਰਚ 2012.
6 ਜੱਗੀ, ਰਤਨ ਸਿੰਘ (ਡਾ.), ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ, ਪੰਨਾ 174.

ਅਧਿਆਤਮਿਕ ਮੁਰਸ਼ਦ ਵਜੋਂ ਸ਼ਾਹ ਹੁਸੈਨ ਨੇ ਸ਼ੇਖ ਬਹਿਲੋਲ ਦਰਿਆਈ ਦੀ ਮੁਰੀਦੀ ਕੀਤੀ। ਲਗਭਗ ਬਾਰਾਂ ਸਾਲ ਇਨ੍ਹਾਂ ਨੇ ਸ਼ੇਖ ਬਹਿਲੋਲ ਤੋਂ ਅਧਿਆਤਕਿ ਸਿੱਖਿਆ ਗ੍ਰਹਿਣ ਕੀਤੀ। ਇਸ ਤੋਂ ਬਾਅਦ ਇਹਨਾਂ ਨੇ ਪੀਰ ਸ਼ੇਖ ਸਾਉਦਲਾ ਤੋਂ ਤਫ਼ਸੀਰ ਮਦਾਰਕ ਪੜੀ। ਜਦੋਂ ਸ਼ਾਹ ਹੁਸੈਨ ਤਫ਼ਸੀਰ ਮਦਾਰਕ ਪੜ੍ਹ ਰਹੇ ਸਨ ਅਤੇ ਉਸ ਵਿਚ ਇਕ ਆਇਤ ਆਈ ਜਿਸ ਤੋਂ ਭਾਵ ਸੀ ਦੁਨੀਆਂ ਫਾਨੀ ਹੈ। ਇਸ ਆਇਤ ਨੇ ਇਨ੍ਹਾਂ ਦੇ ਮਨ ਤੇ ਏਨਾ ਗਹਿਰਾ ਪ੍ਰਭਾਵ ਪਾਇਆ ਕਿ ਇਨ੍ਹਾਂ ਦਾ ਮਨ ਸੰਸਾਰ ਤੋਂ ਉਚਾਟ ਹੋ ਗਿਆ ਅਤੇ ਇਹਨਾਂ ਨੇ ਤਫ਼ਸੀਰ ਮਦਾਰਕ ਖੂਹ ਵਿਚ ਸੁੱਟ ਦਿੱਤੀ ਅਤੇ ਸ਼ਰੀਅਤ ਦੇ ਬੰਧਨਾਂ ਤੋਂ ਮੁਕਤ ਹੋ ਗਏ। “ਕਹਿੰਦੇ ਹਨ ਜਦੋਂ ਹੁਸੈਨ ਸ਼ੇਖ ਸਉਦਲਾ ਦੇ ਮਦਰੱਸੇ ਵਿਚੋਂ ਨਿਕਲਿਆਂ ਤਾਂ ਹਾਲ ਮਸਤ ਹੋ ਕੇ ਇਹ ਸ਼ਬਦ ਗਾ ਰਿਹਾ ਸੀ।

ਸੱਜਣਾ ਵੋ ਮੈਂਡੀ ਮੌਲ੍ਹੇ ਨਾਲ ਬਣੀ
ਦੁਨੀਆਂਦਾਰਾਂ ਨੂੰ ਦੁਨੀਆਂ ਦਾ ਮਾਣਾ
ਨੰਗਾਂ ਨੂੰ ਨੰਗ ਮਣੀ॥ ”[1]

ਇਸ ਪਿੱਛੋਂ ਸ਼ਾਹ ਹੁਸੈਨ ਦੀ ਹਾਲਤ ਇਕਦਮ ਬਦਲ ਗਈ ਤੇ ਮਸਤੀ ਦੀ ਹਾਲਤ ਵਿਚ ਗਲੀਆਂ ਬਾਜਾਰਾਂ ਵਿਚ ਨੱਚਦਾ ਗਾਉਂਦਾ ਫਿਰਦਾ ਸੀ।

ਸ਼ਾਹ ਹੁਸੈਨ ਨੇ ਸ਼ਰੀਅਤ ਦੀ ਪਾਬੰਦੀ ਵਾਲਾ ਜੀਵਨ ਜਿਉਣ ਤੋਂ ਬਾਅਦ ਪੀਰ ਸ਼ੇਖ ਸਾਉਦਲਾ ਦੀ ਸੰਗਤ ਵਿਚ ਰਹਿ ਕੇ ਸ਼ਰੀਅਤ ਦੀਆਂ ਰੂੜੀਆਂ ਨੂੰ ਮੰਨਣ ਤੋਂ ਖੁਲ ਲੈ ਲਈ। ਉਸ ਨੇ ਨਸ਼ਿਆਂ ਦਾ ਸੇਵਨ ਸ਼ੁਰੂ ਕਰ ਦਿੱਤਾ ਅਤੇ ਲਾਲ ਰੰਗ ਦੇ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ। ਲਾਲ ਕੱਪੜਿਆਂ ਦੇ ਕਾਰਨ ਲੋਕ ਇਹਨਾਂ ਨੂੰ ਲਾਲ ਹੁਸੈਨ ਦੇ ਨਾਮ ਨਾਲ ਵੀ ਸੰਬੋਧਿਤ ਕਰਦੇ ਸਨ। ਸ਼ਾਹ ਹੁਸੈਨ ਕਾਦਰੀ ਸਿਲਸਿਲੇ ਨਾਲ ਸੰਬੰਧਿਤ ਸਨ ਪਰ ਬਾਅਦ ਵਿਚ ਇਹਨਾਂ ਨੇ ਮਲਾਮਤੀ ਬਣਨਾ ਅਧਿਕ ਉਚਿਤ ਸਮਝਿਆ। ਮਲਾਮਤ ਤੋਂ ਭਾਵ ਹੈ ਨਿੰਦਿਆ। ਮਲਾਮਤ ਅਜਿਹੇ ਲੋਕਾਂ ਵੱਲ ਸੰਕੇਤ ਕਰਦਾ ਹੈ ਜੋ ਨਿੰਦਣ ਯੋਗ ਹੋਣ। ਭਾਵ ਅਜਿਹੇ ਸੂਫ਼ੀ ਜੋ ਆਪਣੇ ਵਿਵਹਾਰ ਵਿਚ ਅਜਿਹੀ ਕੁਤਾਹੀ ਕਰਨ ਤਾਂ ਜੋ ਲੋਕ ਉਹਨਾਂ ਨੂੰ ਬੁਰੇ ਸਮਝ ਕੇ ਉਹਨਾਂ ਤੋਂ ਦੂਰੀ ਰੱਖਣ। ਇਹ ਸੂਫ਼ੀ ਫ਼ਕੀਰ ਲੋਕਾਂ ਤੋਂ ਦੂਰ ਆਪਣਾ ਧਿਆਨ ਪੂਰਨ ਰੂਪ ਵਿਚ ਖੁਦਾ ਵਲ ਕੇਂਦਰਿਤ ਕਰਨਾ ਚਾਹੁੰਦੇ ਹਨ। ਮਲਾਮਤੀ ਸ਼ਰੀਅਤ ਦੀ ਬੇਅਦਬੀ ਨਹੀਂ ਕਰਦੇ ਸਗੋਂ ਲੋਕਾਂ ਦੀ ਨਫ਼ਰਤ ਦਾ ਪਾਤਰ ਬਨਣ ਲਈ ਅਜਿਹਾ ਕਰਦੇ ਹਨ ਪਰੰਤੂ ਸ਼ਰੀਅਤ ਦੇ ਅੰਦਰੂਨੀ ਭਾਵਾਂ ਨੂੰ ਤਵੱਜੋ ਦਿੰਦੇ ਹੋਏ ਸੱਚੇ-ਸੁੱਚੇ ਕਰਮ ਕਰਦਿਆਂ ਸੁਹਰਤ ਅਤੇ ਨਾਮਣੇ ਤੋਂ ਦੂਰ ਰਹਿੰਦੇ ਹਨ। ਇਹ ਇਸਲਾਮ ਦੇ ਬਾਹਰੀ ਦਿਖਾਵੇ ਦੀਆਂ ਰਸਮਾਂ ਰੀਤਾਂ ਦਾ ਤਿਆਗ ਕਰਦੇ ਹੋਏ ਖੁਦਾ ਦੀ ਬੰਦਗੀ ਵਿਚ ਲੀਨ ਰਹਿੰਦੇ ਹਨ। ਮਲਾਮਤੀ ਆਂਤਰਿਕ ਪਵਿਤਰਤਾ ਅਤੇ ਰੂਹਾਨੀ ਰਹੱਸ ਨੂੰ ਲੁਕਾ ਕੇ ਰੱਖਣ ਵਿਚ ਵਿਸ਼ਵਾਸ ਤਹਿਤ ਇਸ ਦਾ ਇਜ਼ਹਾਰ ਲੋਕਾਂ ਤੱਕ ਨਹੀਂ ਹੋਣ ਦਿੰਦੇ। ਜਦੋਂ ਸੰਸਾਰ ਤੋਂ ਨਿਰਲੇਪ ਹੋ ਕੇ ਆਪਣੇ ਅੰਦਰ ਕੇਵਲ ਅੱਲਾਹ ਦੀ ਹੋਂਦ ਅਨੁਭਵ ਹੋਣ ਲੱਗਦੀ ਹੈ ਤਾਂ ਦੁਨਿਆਵੀ ਜੀਵਨ ਦੀ ਸਾਰਥਕਤਾ ਦੀ ਪ੍ਰਵਾਹ ਨਹੀਂ ਰਹਿੰਦੀ।

---

[1] ਪੰਜਾਬੀ ਦੁਨੀਆਂ, ਸ਼ਾਹ ਹੁਸੈਨ ਅੰਕ, ਪੰਨਾ 19.

ਸ਼ਾਹ ਹੁਸੈਨ ਨੇ ਬੰਦਗੀ ਅਤੇ ਇਬਾਦਤ ਨੂੰ ਉੱਚ ਸ਼ਕਤੀ ਵਜੋਂ ਸਵੀਕਾਰਦਿਆਂ ਕਬੂਲ ਕੀਤਾ ਹੈ ਕਿ ਨਾਮ ਸਿਮਰਨ ਦੀ ਤੇਜ਼ ਤਪਸ ਨਾਲ ਆਤਮਾ ਉਸ ਪ੍ਰਮਾਤਮਾ ਦਾ ਅੰਸ਼ ਮਹਿਸੂਸ ਕਰਦੀ ਹੈ। ਸ਼ਾਹ ਹੁਸੈਨ ਆਪਣੀ ਕਾਵਿ ਰਚਨਾ ਵਿਚ ਭਗਤੀ, ਬੰਦਗੀ, ਨਾਮ ਸਿਮਰਨ ਦੀ ਮਹੱਤਤਾ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦਾ ਹੈ। ਬੰਦਗੀ ਵਿਚ ਲੀਨ ਆਤਮਾ ਸੰਸਾਰਿਕ ਲੋਭ-ਮੋਹ ਹੰਕਾਰ ਤੋਂ ਦੂਰ ਆਪਣੀ ਹਉ ਨੂੰ ਉਸ ਸਰਬ ਸ਼ਕਤੀਮਾਨ ਤੋਂ ਨਿਛਾਵਰ ਕਰਦੀ ਹੈ।

"ਸਾਰਾ ਜੱਗਿ ਜਾਣਦਾ, ਸਾਂਈ ਤੇਰੇ ਮਿਲਣ ਦੀ ਆਸ ਵੋ।
ਮੇਰੇ ਮਨ ਮੁਰਾਦਿ ਏਹੋ ਸਾਂਈਆ, ਸਦਾ ਰਹੋ ਮੇਰੇ ਪਾਸਿ ਵੋ।੧।
ਦਰਸ਼ਨ ਦੇਹੁ ਦਇਆ ਕਰਿ ਮੋ-ਕਉ, ਸਿਮਰਾਂ ਮੈਂ ਸਾਸ-ਗਿਰਾਸ ਵੋ।
ਕਹੈ ਹੁਸੈਨ ਫ਼ਕੀਰ ਨਿਮਾਣਾ, ਤੂੰ ਸਾਹਿਬ ਮੈਂ ਦਾਸ ਵੋ।੨॥"

ਸੂਫ਼ੀ ਕਾਵਿ ਰਚਨਾ ਵਿਚ ਇਬਾਦਤ ਦੇ ਮਹੱਤਵ ਨੂੰ ਪੁਰਜ਼ੋਰ ਸ਼ਬਦਾਂ ਵਿਚ ਰਚਿਆ ਹੈ। ਇਸੇ ਤਰ੍ਹਾਂ ਹੀ ਸ਼ਾਹ ਹੁਸੈਨ ਵੀ ਇਬਾਦਤ, ਬੰਦਗੀ ਨੂੰ ਤਰਜੀਹ ਦਿੰਦੇ ਇਰਸ਼ਾਦ ਕਰਦੇ ਹਨ।

"ਕਹੈ ਹੁਸੈਨ ਸਹੇਲੀਓ
ਸਹੁ ਕਿਤ ਬਿਧਿ ਪਾਈਐ
ਕਰਿ ਸਾਹਿਬ ਕੀ ਬੰਦਗੀ
ਰੈਣਿ ਜਾਗ੍ਰਤਿ ਰਹੀਐ"[1]

ਸ਼ਾਹ ਹੁਸੈਨ ਨੇ ਆਪਣੀ ਰਚਨਾਵਾਂ ਵਿਚ ਉਹਨਾਂ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਤੋਂ ਆਮ ਲੋਕ ਵਾਕਿਫ਼ ਹੋਣ ਤਾਂ ਜੋ ਉਹਨਾਂ ਨੂੰ ਰਚਨਾ ਦੇ ਅੰਦਰੂਨੀ ਭਾਵਾਂ ਦੀ ਸਹਿਜ ਸਮਝ ਆ ਸਕੇ। ਸ਼ਾਹ ਹੁਸੈਨ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਇਲਾਹੀ ਹੁਸਨ ਤੇ ਇਸ਼ਕ ਹਕੀਕੀ ਦਾ ਵਰਨਣ ਕੀਤਾ ਹੈ। ਇਸ਼ਕ ਅਜਿਹਾ ਸ਼ਬਦ ਹੈ ਜਿਸਦੇ ਭਾਵ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ ਪਰ ਇਸਦੇ ਭਾਵ ਦਾ ਵਰਨਣ ਜਾਂ ਬਿਆਨ ਕਰਨਾ ਸਹਿਜ ਨਹੀਂ ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦਾ ਪ੍ਰਮੁੱਖ ਵਿਸ਼ਾ ਇਸ਼ਕ ਹਕੀਕੀ ਹੀ ਰਿਹਾ ਹੈ। ਉਹਨਾਂ ਨੇ ਆਪਣੀਆਂ ਕਾਫ਼ੀਆਂ ਵਿਚ ਹੀਰ-ਰਾਂਝਾ ਜੋ ਕਿ ਲੌਕਿਕ ਜਗਤ ਦੇ ਇਸ਼ਕ ਦੇ ਪ੍ਰਤੀਕ ਹਨ ਨੂੰ ਅਧਿਆਤਮਿਕ ਭਾਵ ਇਸ਼ਕ ਹਕੀਕੀ ਦੇ ਪ੍ਰਤੀਕਾਂ ਵਜੋਂ ਆਪਣੀਆਂ ਕਾਫ਼ੀਆਂ ਵਿਚ ਪੇਸ਼ ਕੀਤਾ ਹੈ।

"ਨੀ ਮਾਂਏ ਮੈਨੂੰ ਖੇੜਿਆਂ ਦੀ ਗੱਲ ਨਾ ਆਖਿ
ਰਾਂਝਣ ਮੇਂਹਿਡਾ ਮੈਂ ਰਾਂਝਣ ਦੀ ਖੇੜਿਆਂ ਨੂੰ ਕੂੜੀ ਝਾਕ"

ਇਸ਼ਕ ਦਾ ਬਿਖੜਾ ਪੈਂਡਾ ਰੁਕਾਵਟਾਂ ਅਤੇ ਕੰਡਿਆਂ ਭਰਿਆ ਹੁੰਦਾ ਹੈ ਅਤੇ ਇਸ ਪੈਂਡੇ ਨੂੰ ਨਿਮਰਤਾ ਨਾਲ ਪਾਰ ਕੀਤਾ ਜਾਂਦਾ ਹੈ।

"ਰਾਹ ਇਸ਼ਕ ਦਾ ਸੂਈ ਦਾ ਨੱਕਾ
ਤਾਗਾ ਹੋਵੇਂ ਤਾਂ ਜਾਵੇਂ।"

---

[1] ਘੁੰਮਣ, ਬਿਕਰਮ ਸਿੰਘ (ਸੰਪਾ.), ਕਾਫ਼ੀਆਂ ਸ਼ਾਹ ਹੁਸੈਨ, ਪੰਨਾ 40.

ਪਰ ਜਦੋਂ ਆਸ਼ਕ ਇਸ਼ਕ ਦੇ ਰਾਹ ਤੇ ਅਡੋਲ ਤੁਰਿਆ ਜਾਂਦਾ ਹੈ ਤਾਂ ਉਸਦਾ ਮਿਲਾਪ ਪ੍ਰੀਤਮ ਨਾਲ ਜ਼ਰੂਰ ਹੁੰਦਾ ਹੈ। ਸ਼ਾਹ ਹੁਸੈਨ ਮਿਲਾਪ ਦੇ ਬਿਰਹਾ ਅਤੇ ਪ੍ਰੇਮ ਵਿਚ ਭਿੱਜਿਆ ਪ੍ਰਮਾਤਮਾ ਦੀ ਸਰਬ ਵਿਆਪਕਤਾ ਨੂੰ ਹਰ ਜਗ੍ਹਾਂ ਨਿਹਾਰਦਾ ਹੈ।

"ਰੱਬਾ ਮੇਰੇ ਹਾਲ ਦਾ ਮਹਿਰਮ ਤੂ। ਰਹਾਉ।
ਅੰਦਿਰ ਤੂੰ ਹੈ ਬਾਹਰਿ ਤੂੰ ਹੈ
ਰੋਮ ਰੋਮ ਵਿਚ ਤੂੰ
ਤੂੰ ਹੈ ਤਾਣਾ ਤੂੰ ਹੈ ਬਾਣਾ
ਸਭ ਕੁਛ ਮੇਰਾ ਤੂੰ
ਕਹੈ ਹੁਸੈਨ ਫ਼ਕੀਰ ਨਿਮਾਣਾ,
ਮੈਂ ਨਹੀਂ ਸਭ ਤੂੰ।"

ਸ਼ਾਹ ਹੁਸੈਨ ਸਵੈ ਚਿੰਤਨ ਤੇ ਜ਼ੋਰ ਦਿੰਦਿਆ ਹੋਇਆ ਕਹਿੰਦਾ ਹੈ ਕਿ ਸੰਸਾਰ ਤਾਂ ਕੂੜ ਪਸਾਰਾ ਹੈ। ਇਸ ਕੂੜ ਪਸਾਰੇ ਤੋਂ ਬਾਹਰ ਨਿਕਲਣ ਲਈ ਆਪਣੇ ਆਪੇ ਦੀ ਪਛਾਣ ਦੀ ਨਸੀਅਤ ਕਰਦਾ ਹੈ।

"ਆਪ ਨੂੰ ਪਛਾਣ ਬੰਦੇ
ਜੇ ਤੂੰ ਆਪਣਾ ਆਪ ਪਛਾਤਾ
ਸਾਹਿਬ ਨੂੰ ਮਿਲਣ ਆਸਾਨ ਬੰਦੇ"

ਸ਼ਾਹ ਹੁਸੈਨ ਦੇ ਵਿਅਕਤੀਤਵ ਦਾ ਉੱਘਾ ਲਛਣ ਉਸ ਦੀ ਨਿਮਰਤਾ ਹੈ। ਇਸ ਗੱਲ ਦੀ ਹਾਮੀ ਉਸਦੀ ਕਾਵਿ ਰਚਨਾ ਭਰਦੀ ਹੈ। ਸ਼ਾਹ ਹੁਸੈਨ ਨੇ ਆਪਣੀ ਕਾਵਿ ਰਚਨਾ ਵਿਚ ਬਾਰ-ਬਾਰ ਆਪਣੇ ਆਪ ਨੂੰ ਸ਼ਾਹ ਹੁਸੈਨ ਫ਼ਕੀਰ ਨਿਮਾਣਾ, ਨਿਮਾਣੀ ਫ਼ਕੀਰਾਂ ਦੀ ਜਾਤ ਆਦਿ ਵਿਸ਼ੇਸ਼ਤਾ ਨਾਲ ਸੰਬੋਧਿਤ ਕੀਤਾ ਹੈ।

"ਸਭੇ ਜਾਤਾਂ ਵੱਡੀਆਂ, ਨਿਮਾਣੀ ਫ਼ਕੀਰਾਂ ਦੀ ਜਾਤ।"

ਸ਼ਾਹ ਹੁਸੈਨ ਨੇ ਸਾਦਗੀ, ਚਿੱਤ ਸਾਧਨਾ, ਆਤਮ ਸੰਯਮ ਅਤੇ ਆਂਤਰਿਕ ਸਵੱਛਤਾ ਨੂੰ ਅਧਿਆਤਮਿਕ ਸਾਧਨਾ ਦਾ ਆਧਾਰ ਬਣਾਇਆ। ਆਤਮਿਕ ਸਾਧਨਾ ਦੇ ਪੈਂਡੇ ਦੇ ਚਲਦਿਆਂ ਮੁਰਸ਼ਦ ਦਾ ਸੂਫ਼ੀਅਤ ਵਿਚ ਅਹਿਮ ਸਥਾਨ ਹੈ। ਮੁਰਸ਼ਦ ਤੋਂ ਬਿਨਾਂ ਰੂਹਾਨੀ ਸਾਧਨਾ ਵਿਚ ਤਰੱਕੀ ਪ੍ਰਾਪਤ ਨਹੀਂ ਹੋ ਸਕਦੀ। ਸ਼ਾਹ ਹੁਸੈਨ ਮੁਰਸ਼ਦ ਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਸੰਸਾਰ ਰੂਪੀ ਭਵਸਾਗਰ ਨੂੰ ਪਾਰ ਕਰਨ ਲਈ ਮੁਰਸ਼ਦ ਨੂੰ ਮਲਾਹ ਦਾ ਦਰਜਾ ਦਿੰਦਾ ਹੈ। ਕਾਮਿਲ ਮੁਰਸ਼ਦ ਹੀ ਬਿਰਹਾ ਦੀ ਅਵਸਥਾ ਵਿਚ ਆਤਮਾ ਨੂੰ ਭਵ ਸਾਗਰ ਤੋਂ ਪਾਰ ਲੰਘਾ ਸਕਦਾ ਹੈ।

"ਨਦੀਓਂ ਪਾਰ ਰਾਂਝਣ ਦਾ ਠਾਣਾ
ਕੀਤਾ ਕੌਲ ਜ਼ਰੂਰੀ ਜਾਣਾ
ਮਿਨਤਾਂ ਕਰਾਂ ਮਲਾਹ ਦੇ ਨਾਲ"

ਮੁਰਸ਼ਦ ਹੀ ਮੁਰੀਦ ਨੂੰ ਅਧਿਆਤਮਿਕਤਾ ਦੇ ਰਾਹ ਵਲ ਅਗਰਸਰ ਕਰਦਾ ਹੈ। ਜੋ ਰਾਹ ਮੁੱਲਾਂ ਤੇ ਕਾਜੀ ਦੱਸਦੇ ਹਨ ਉਸ ਰਾਹ ਤੇ ਚਲਦਿਆਂ ਇਸ਼ਕ ਹਕੀਕੀ ਦੀਆਂ ਮੰਜਿਲਾਂ ਸਰ ਨਹੀਂ ਕੀਤੀ ਜਾ ਸਕਦੀਆਂ।

ਸ਼ਾਹ ਹੁਸੈਨ ਦੀਆਂ ਰਚਨਾਵਾਂ ਵਿਚ ਇਸ਼ਕ ਹਕੀਕੀ ਅਤੇ ਸ਼ਰੱਈਅਤ ਦੀ ਖਿੱਚੋ ਤਾਣ ਦੇ ਸੰਕੇਤ ਵੀ ਮਿਲਦੇ ਹਨ। ਕਿਉਂਕਿ ਜਦੋਂ ਸ਼ਾਹ ਹੁਸੈਨ ਮਲਾਮਤੀ ਰੰਗ ਵਿਚ ਰੰਗਿਆ ਗਿਆ ਤਾਂ ਇਸ ਪਿਆਰ ਦੀ ਮਸਤੀ ਵਿਚ ਬਾਹਰੀ ਸ਼ਰੱਈਅਤ ਨੂੰ ਤਿੱਲਾਂਜਲੀ ਦੇ ਦਿੱਤੀ ਤਾਂ ਮੁੱਲਾਂ-ਮੁਲਾਣਿਆਂ ਨੇ ਇਸਦਾ ਕੜਾ ਵਿਰੋਧ ਕੀਤਾ, ਪਰ ਸ਼ਾਹ ਹੁਸੈਨ ਤਾਂ ਤੂੰ ਹੀ ਤੂੰ ਦੇ ਆਲਮ ਵਿਚ ਸੀ।

"ਮਨ ਅਟਕਿਆ ਬੇਪਰਵਾਹ ਦੇ ਨਾਲ, ਉਹ ਦੀਨ ਦੁਨੀ ਦੇ ਸ਼ਾਹਿ ਦੇ ਨਾਲ॥1॥ਰਹਾਉ॥
ਕਾਜੀ ਮੁੱਲਾਂ ਮੱਤਾਂ ਦੇਂਦੇ, ਖਰੇ ਸਿਆਣੇ ਰਾਹਿ ਦਸੇਂਦੇ
ਇਸ਼ਕ ਕੀ ਲੱਗੇ ਰਾਹ ਦੇ ਨਾਲ।
ਦਿਲ ਅਟਕਿਆ ਬੇ-ਪਰਵਾਹ ਦੇ ਨਾਲ।"

ਸ਼ਾਹ ਹੁਸੈਨ ਅਲੌਕਿਕ ਸੁੰਦਰਤਾ ਨੂੰ ਆਪਣੇ ਮੁਰਸ਼ਦ ਵਿਚੋਂ ਵੇਖਦਾ ਹੈ। ਮੁਰਸ਼ਦ ਦੀ ਮਿਹਰ ਸਦਕਾ ਜਦੋਂ ਮੁਰੀਦ ਸਹੀ ਰਸਤੇ ਦੀ ਚੋਣ ਕਰ ਲੈਂਦਾ ਹੈ ਤਾਂ ਅਜਿਹਾ ਮੁਕਾਮ ਵੀ ਆਉਂਦਾ ਹੈ ਜਦੋਂ ਆਤਮਾ ਪ੍ਰਮਾਤਮਾ ਦੀ ਨਿਕਟਤਾ ਮਹਿਸੂਸ ਕਰਦੀ ਹੈ। ਮੁਰਸ਼ਦ ਦੀ ਮਿਹਰ ਸਦਕਾ ਹੀ ਆਤਮਾ ਤੇ ਪਰਮਾਤਮਾ ਦਾ ਮੇਲ ਸੰਭਵ ਹੁੰਦਾ ਹੈ।

"ਅਸਾਂ ਅੰਦਰ ਬਾਹਰ ਨਾਲ ਹੈ
ਅਸਾਂ ਮੁਰਸ਼ਦ ਨਾਲ ਪਿਆਰ ਹੈ
ਅਸਾਂ ਏਹੋ ਵਣਜ ਵਪਾਰ ਹੈ
ਅਸਾਂ ਜੀਵਦਿਆਂ ਮਰ ਜਾਵਣਾ"

ਸ਼ਾਹ ਹੁਸੈਨ ਦੇ ਦਿਲੋਂ ਦਿਮਾਗ ਤੇ ਇਸ਼ਕ ਦੀ ਛਵੀ ਦਾ ਪਸਾਰਾ ਹੋ ਜਾਂਦਾ ਹੈ ਤਾਂ ਇਸਦੀ ਪੁਸ਼ਟੀ ਕਰਦੇ ਹੋਏ ਕਹਿੰਦੇ ਹਨ।

"ਤਿਨ੍ਹਾਂ ਗਮ ਕੇਹਾ ਸਾਂਈ ਜਿਨ੍ਹਾਂ ਦੇ ਵਲਿ
ਸੋਹਣੀ ਸੂਰਤ ਦਿਲਬਰ ਵਾਲੀ
ਰਹੀ ਅਖੀ ਵਿਚ ਗੱਲਿ
ਇਕ ਪਰ ਸੱਜਣ ਜੁਦਾ ਨਾ ਥੀਵੇ
ਬੈਠਾ ਅੰਦਰ ਮੱਲ"

ਜਦੋਂ ਇਸ਼ਕ ਵਿਚ ਭਿੱਜੀ ਆਤਮਾ ਉਸ ਇਸ਼ਟ ਪ੍ਰਭੂ ਦੀ ਸਮੀਪਤਾ ਦਾ ਅਹਿਸਾਸ ਕਰਦੀ ਹੈ ਤਾਂ ਸ਼ਾਇਰ ਇਸ ਨੂੰ ਮੁਬਾਰਕ ਸਮਾਂ ਬਿਆਨ ਕਰਦਾ ਹੈ। ਕਿਉਂਕਿ ਸ਼ਾਹ ਹੁਸੈਨ ਨੂੰ ਆਪਣੇ ਸ਼ਹੁ ਨਾਲ ਕਾਮਲ ਇਸ਼ਕ ਸੀ। ਇਹ ਇਸ਼ਕ ਆਨੰਦ ਦੀ ਮਸਤੀ ਦਾ ਆਲਮ ਪੈਦਾ ਕਰਦਾ ਹੈ।

"ਤੁਸੀਂ ਰਲ ਦਿਓ ਮਮਾਰਖਾ, ਮੇਰਾ ਸੋਹਣਾ ਸੱਜਣ ਘਰ ਆਇਆ ਹੀ
ਜਿਸ ਸੱਜਣ ਨੂੰ ਮੈਂ ਢੂੰਡੇਦੀ ਵੱਤਾਂ, ਸੋ ਸੱਜਣ ਮੈਂ ਪਾਇਆ ਹੀ
ਵਿਹੜਾ ਤਾਂ ਅੰਙਣ ਮੇਰਾ ਭਇਆ ਸੁਹਾਵਣਾ, ਮਾਥੇ ਨੂੰ ਸੁਹਾਇਆ ਹੀ
ਕਹੈ ਹੁਸੈਨ ਫ਼ਕੀਰ ਨਿਮਾਣਾ, ਮੁਰਸ਼ਿਦ ਦੋਸਤ ਮਿਲਾਇਆ ਹੀ"

ਸ਼ਾਹ ਹੁਸੈਨ ਜਦੋਂ ਵੇਦਨਾ ਭਰੇ ਵਹਿਣ ਵਿਚ ਅਥਾਹ ਵੇਗ ਨਾਲ ਵਹਿੰਦਾ ਹੈ ਤਾਂ ਸੰਗੀਤ ਦੇ ਮੋਤੀ ਸਵਰ ਅਤੇ ਤਾਲ ਉਸਦੇ ਵੇਗ ਨੂੰ ਹੋਰ ਤੇਜ਼ ਕਰਦੇ ਹੋਏ ਉਸ ਪ੍ਰਮਾਤਮਾ ਨਾਲ ਇਕਸੁਰ ਕਰ ਦਿੰਦੇ ਹਨ।

ਜੀ.ਐਲ. ਸ਼ਰਮਾ ਨੇ ਪੁਸਤਕ ਸ਼ਾਹ ਹੁਸੈਨ ਕਲਾ ਤੇ ਕਲਾਮ ਵਿਚ ਸ਼ਾਹ ਹੁਸੈਨ ਦੀਆਂ 164 ਕਾਫ਼ੀਆਂ ਲਿਖੀਆਂ ਹਨ। ਉਹਨਾਂ ਦੇ ਅਨੁਸਾਰ ਸ਼ਾਹ ਹੁਸੈਨ ਦਾ ਕਲਾਮ ਉਨ੍ਹਾਂ ਤੋਂ ਬਹੁਤ ਸਮਾਂ ਬਾਅਦ ਵਿਚ ਲਿਖਤ ਰੂਪ ਧਾਰਨ ਕੀਤਾ। "ਅਸਲ ਵਿਚ ਕਾਫ਼ੀਆਂ ਗਾਇਕਾਂ-ਇਸਤਰੀਆਂ ਤੇ ਕੱਵਾਲਾਂ ਨੂੰ ਜ਼ਬਾਨੀ ਯਾਦ ਸਨ ਤੇ ਸ਼ਰਧਾਲੂ ਬੱਚਿਆਂ ਦੇ ਵੱਖ-ਵੱਖ ਮਹਿਫ਼ਲਾਂ ਵਿਚੋਂ ਸੁਣ ਕੇ ਇਨ੍ਹਾਂ ਨੂੰ ਛੋਟਿਆਂ-ਛੋਟਿਆਂ ਸੰਗ੍ਰਹਿਆਂ ਦੇ ਰੂਪ ਵਿਚ ਛਪਵਾਇਆ ਸੀ।"[1]

"ਜ਼ਾਹਰਾ ਤੌਰ ਤੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਸੁਖੈਨ ਤੇ ਆਸਾਨ ਨਜ਼ਰ ਆਉਂਦੀਆਂ ਹਨ, ਪਰ ਰਹਿਸਵਾਦੀ ਅਨੁਭਵ ਉਪਰ ਆਧਾਰਿਤ ਹੋਣ ਕਾਰਨ, ਬੜੇ ਡੂੰਘੇ ਰੂਹਾਨੀ ਵਿਚਾਰਾਂ ਦੀਆਂ ਯੋਤਕ ਹਨ।"[2]

ਸ਼ਾਹ ਹੁਸੈਨ ਕਾਵਿ ਰਚਨਾ ਦੇ ਨਾਲ-ਨਾਲ ਸੰਗੀਤ ਦੇ ਵੀ ਗਿਆਤਾ ਸਨ। ਉਹਨਾਂ ਨੇ ਆਪਣੇ ਕਲਾਮ ਨੂੰ ਰਾਗ ਬੱਧ ਕਰਕੇ ਵਿਚਾਰਾਂ ਦੀ ਅਭਿਵਿਅਕਤੀ ਨੂੰ ਸਰਲ ਅਤੇ ਉੱਚ ਢੰਗ ਨਾਲ ਜੱਗ ਜ਼ਾਹਿਰ ਕੀਤਾ। ਸ਼ਾਹ ਹੁਸੈਨ ਦਾ ਕਲਾਮ ਅਧਿਆਤਮਿਕ ਜਾਂ ਮਾਨਸਿਕ ਭੁੱਖ ਦੀ ਤ੍ਰਿਪਤੀ ਕਰਦਾ ਹੈ ਅਤੇ ਇਸ ਦੀਆਂ ਸੰਗੀਤਕ ਧੁਨਾਂ ਰੂਹਾਨੀ ਆਨੰਦ ਵੀ ਪ੍ਰਦਾਨ ਕਰਦੀਆਂ ਹਨ।

"ਹੁਸੈਨ ਦੇ ਬਹੁਤ ਸਾਰੇ ਪਦੇ ਪਦੇ ਨਹੀਂ ਗਾਉਣ ਹਨ ਅਤੇ ਉਹ ਲੋਕ ਗੀਤਾਂ ਦੀਆਂ ਧਾਰਨਾ ਵਿਚ ਹਨ, ਘੋੜੀਆਂ ਦੀਆਂ ਬਹਿਰਾਂ ਵਿਚ, ਸਦ ਦੀਆਂ ਬਹਿਰਾਂ ਵਿਚ, ਬਾਲਾ ਦਿਆਂ ਥਾਲਾਂ ਦੀਆਂ ਬਹਿਰਾਂ ਵਿਚ, ਚਰਖੇ ਦਿਆ ਗੀਤਾਂ ਦੀਆਂ ਬਹਿਰਾਂ ਵਿਚ ਤੇ ਝੁੰਮਰ, ਨਾਚ ਦੀਆਂ ਬਹਿਰਾਂ ਵਿਚ।"[3]

ਸ਼ਾਹ ਹੁਸੈਨ ਦੀਆਂ 160 ਕਾਫ਼ੀਆਂ ਵੱਖ-ਵੱਖ ਰਾਗਾਂ ਦੇ ਅਧੀਨ ਛਪੀਆਂ ਮਿਲਦੀਆਂ ਹਨ। ਕਈ ਅੱਜ ਕਲ ਵੀ ਪ੍ਰਚਾਰ ਵਿਚ ਹਨ ਪਰ ਕੁਝ ਰਾਗ ਅਜਿਹੇ ਹੀ ਵਰਣਿਤ ਮਿਲਦੇ ਹਨ ਜੋ ਕਿ ਪ੍ਰਚਾਰ ਵਿਚ ਨਹੀਂ ਹਨ, "ਸਾਹ ਹੁਸੈਨ ਦੇ ਨਾਂ ਨਾਲ ਸੰਬੰਧਿਤ 117 ਤੋਂ ਲੈ ਕੇ 163 ਤਕ ਕਾਫ਼ੀਆਂ ਮਿਲਦੀਆਂ ਹਨ। ਇਹ ਸਾਰੀਆਂ ਕਾਫ਼ੀਆਂ ਵੱਖ-ਵੱਖ ਰਾਗਾਂ ਦੇ ਅਧੀਨ ਛਪੀਆਂ ਹਨ। ਰਾਗ ਅਧਿਕਤਰ ਲੌਕਿਕ ਹਨ।"[4] "ਅਡ-ਅਡ ਰਾਗਾਂ ਵਿਚ ਸ਼ਬਦ ਹਨ, ਜਿਨ੍ਹਾਂ ਦੇ ਨਾਂ ਦਿੱਤੇ ਹਨ, ਜਿੱਥੇ ਜਿੱਥੇ ਅਸਲ ਵਿਚ ਰਾਗ ਦੇ ਨਾਲ ਕਾਫ਼ੀ (ਰਾਗਨੀ) ਸ਼ਬਦ ਸੀ, ਉਥੇ ਨਕਲ ਕਰ ਦਿੱਤਾ ਹੈ ਤਾਂ ਜੋ ਸਾਫ਼ ਹੋ ਜਾਵੇ ਕਿ ਇਹ ਕਾਫ਼ੀ ਹੈ। ਇਹ ਭੁੱਲ ਹੋਵੇਗੀ ਕਿ ਹਰੇਕ ਮੁਸਲਮਾਣੀ ਸ਼ਬਦ-ਪਦੇ ਨੂੰ ਜੋ ਰਾਗ ਵਿਚ ਲਿਖਿਆ ਹੈ ਅਸੀਂ ਕਾਫ਼ੀ ਕਹਿ ਦੀਏ। ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ ਦੇਵ ਦੇ ਸ਼ਬਦ ਅਨੇਕ ਹਨ ਪਰ ਕਾਫ਼ੀ ਰਾਗਨੀ ਵਿਚ ਥੋਹੜੀ ਗਿਣਤੀ ਦੇ ਹੀ ਹਨ ਅਤੇ ਉਹਨਾਂ ਉੱਤੇ ਰਾਗ ਵੀ ਦਰਜ ਹੈ ਜੋ ਲਫ਼ਜ ਕਾਫ਼ੀ (ਰਾਗਨੀ) ਵੀ।"[5]

"ਸ਼ਾਹ ਹੁਸੈਨ ਨੇ ਇਸ ਤਰ੍ਹਾਂ ਲਗਭਗ ਪੈਂਤੀ ਦੇ ਕਰੀਬ ਭਾਰਤੀ ਕਲਾਸਕੀ ਰਾਗਾਂ ਵਿਚ ਆਪਣੇ ਕਲਾਮ ਨੂੰ ਬੀੜਿਆ ਹੈ ਅਤੇ ਇਹ ਸਾਰੇ ਰਾਗ ਤਕਰੀਬਨ ਉਹ ਹਨ ਜਿਨ੍ਹਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

---

[1] ਸ਼ਰਮਾ ਜੀ.ਐਲ., ਸ਼ਾਹ ਹੁਸੈਨ - ਕਲਾ ਤੇ ਕਲਾਮ, ਪੰਨੇ 21-22.
[2] ਬੇਦੀ, ਕਾਲਾ ਸਿੰਘ (ਡਾ.), ਸ਼ਾਹ ਹੁਸੈਨ ਰਚਨਾਵਾਲੀ, ਪੰਨਾ 13.
[3] ਦੀਵਾਨਾ, ਮੋਹਨ ਸਿੰਘ ਉਬਰਾਏ (ਡਾ.), ਸ਼ਾਹ ਹੁਸੈਨ ਰਚਨਾ, ਨਰੀਖਣ ਅਤੇ ਵਿਚਾਰ, ਪੰਨਾ 64.
[4] ਜੱਗੀ, ਰਤਨ ਸਿੰਘ, ਗੁਰੂ ਗ੍ਰੰਥ ਵਿਸ਼ਵ ਕੋਸ਼, ਭਾਗ ਪਹਿਲਾ, ਪੰਨਾ 174.
[5] ਦੀਵਾਨਾ, ਮੋਹਨ ਸਿੰਘ ਉਬਰਾਏ (ਡਾ.), ਸ਼ਾਹ ਹੁਸੈਨ ਰਚਨਾ, ਨਰੀਖਣ ਅਤੇ ਵਿਚਾਰ, ਪੰਨਾ 25.

ਦੀ ਬਾਣੀ ਵਿਚ ਵੀ ਵੇਖਦੇ ਹਾਂ। ਏਸੇ ਕਰਕੇ ਸ਼ਾਇਦ ਅਨੁਮਾਨ ਲਾਇਆ ਜਾਂਦਾ ਰਿਹਾ ਹੋਵੇਗਾ ਕਿ ਇਸ ਕਲਾਮ ਦੀ ਰਚਨਾ ਇਸ ਪਵਿਤ੍ਰ ਗ੍ਰੰਥ ਲਈ ਕੀਤੀ ਗਈ ਹੋਵੇ, ਪਰ ਇਸ ਨੂੰ ਇਸ ਵਿਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਨਹੀਂ ਹੋਇਆ।"[1]

## 4.9 ਸਵਾਮੀ ਹਰੀਦਾਸ ਜੀ

ਸਵਾਮੀ ਹਰਿਦਾਸ ਜੀ ਦੇ ਜਨਮ ਬਾਰੇ ਵਿਦਵਾਨ ਇਕਮਤ ਨਹੀਂ ਹਨ। "ਸਵਾਮੀ ਹਰੀਦਾਸ ਵਿਚ ਵਿਰਕਤ ਪਰੰਪਰਾ ਮੇਂ ਉਨਕਾ ਜਨਮ ਵਰਸ਼ ਸਨ 1580 ਈ: ਮਾਨਾ ਜਾਤਾ ਹੈ। ਉਨਕੇ ਵੰਸ਼ ਕੇ ਸੰਬੰਧ ਮੇਂ ਤੀਵਰ ਮਤਭੇਦ ਹੈ। ਕੁਝ ਵਿਦਵਾਨ ਉਨਹੇਂ ਸ੍ਰੀ ਆਸਧੀਰ ਜੀ ਕਾ ਪੁਤਰ ਸਾਰਸਵਤ ਬ੍ਰਾਹਮਣ ਏਵ ਹਰਿਦਾਸਪੁਰ ਮੇਂ ਉਨਕਾ ਜਨਮ ਮਾਨਤੇ ਹੈ।" [2]

"ਸਵਾਮੀ ਜੀ ਦੀ ਜਨਮ ਭੂਮੀ ਬਾਰੇ, ਵਿਦਵਾਨਾਂ ਦੇ ਵੱਖੋ-ਵੱਖ ਖਿਆਲ ਹਨ। ਸਾਡੇ ਸੰਗੀਤ ਰਤਨ ਵਿਚ ਇਨ੍ਹਾਂ ਨੂੰ ਮੁਲਤਾਨ ਦਾ ਲਿਖਿਆ ਹੈ। ਇਕ ਹੋਰ ਵਿਦਵਾਨ ਨੇ ਇਨ੍ਹਾਂ ਨੂੰ ਹਰਿਆਣਾ (ਹੁਸ਼ਿਆਰਪੁਰ) ਦਾ ਵਸਨੀਕ ਕਿਹਾ ਹੈ।"[3]

ਸਵਾਮੀ ਹਰਿਦਾਸ ਜੀ ਸ੍ਰੀ ਹਰਿਰਾਇ ਜੀ ਵਿਆਸ (ਸੰਵਤ 1567-1669) ਜੀ ਦੇ ਸਮਕਾਲੀ ਸਨ। ਸ੍ਰੀ ਹਰਿਰਾਏ ਜੀ ਵਿਆਸ ਨੇ ਆਪਣੀ ਬਾਣੀ ਵਿਚ ਸਵਾਮੀ ਜੀ ਦੀ ਚਰਚਾ ਕੀਤੀ ਹੈ।

"ਅਨਯ ਨੁਪਤਿ ਸ੍ਰੀ ਸਵਾਮੀ ਹਰਿਦਾਸ
ਸੇਵਾ ਸਾਵਧਾਨ ਅਤਿ ਜਾਨਨਿ, ਸੁਧਰ ਗਾਵਤ ਦਿਨ ਰਸ ਰਾਸ
ਏਸੋ ਰਸਿਕ ਭਉਂ ਨਹੀਂ ਹੈਣ ਹੈਂ, ਭੂ ਮੰਡਲ ਆਕਾਸ਼,
ਦੇਹ ਵਿਦੇਹ ਭਏ ਜੀਵਿਤ ਹੀ ਸਰੇ ਬਿਸਵਵਿਲਾਸ"[4]

ਸਵਾਮੀ ਹਰਿਦਾਸ ਜੀ ਉੱਚਕੋਟੀ ਦੇ ਸੰਗੀਤ ਅਚਾਰਿਆ ਸਨ। ਸਵਾਮੀ ਜੀ ਦਾ ਵਿਅਕਤੀਤਵ ਬਹੁਪੱਖੀ ਸੀ। ਆਪ ਅਧਿਆਤਮਿਕ ਪ੍ਰਵਿਰਤੀ ਦੇ ਮਾਲਕ, ਸੰਤ ਸਾਹਿਤ ਦੇ ਰਚਨਾਕਾਰ ਅਤੇ ਸ਼ੁੱਧ ਸ਼ਾਸਤਰੀ ਸੰਗੀਤ ਦੇ ਗਿਆਤਾ ਸਨ। "ਸਵਾਮੀ ਹਰਿਦਾਸ ਜੀ ਸਵੈਅ ਬਹੁਤ ਬੜੇ ਸੰਗੀਤਗਅ ਥੇ, ਵੇ ਭੀ ਬੈਜੂ, ਬਖਸ਼ੂ, ਤਾਨਸੇਨ ਕੇ ਤਰਹ ਰਾਜਾ ਮਾਨਸਿੰਹ ਤੋਮਰ ਕੇ ਸੰਗੀਤ ਮਹਾਂਵਿਦਿਆਲਿਆ ਮੇਂ ਸੰਗੀਤ ਸਿਕਸ਼ਾ ਗ੍ਰਹਣ ਕਰ ਚੁੱਕੇ ਥੇ। ਅਤ : ਅਨੇਕ ਰਾਗ-ਰਾਗਣਿਓਂ ਕਾ, ਸੰਗੀਤ ਕੇ ਪ੍ਰਯੋਗਿਕ ਅੰਗੋਂ ਕਾ, ਵਿਵਿਧ ਲਅ ਪ੍ਰਕਾਰੋਂ ਕਾ, ਨਰਿਤ ਕੇ ਵਿਵਿਧ ਅੰਗੋਂ ਕਾ ਉਨਹੇਂ ਗਿਆਨ ਥਾ। ਇਸ ਗੰਧਰਵ ਕਲਾ ਕਾ ਉਪਯੋਗ ਉਨਹੋਂ ਨੇ ਅਪਨੇ ਅਰਾਧਅ ਕੀ ਅਰਾਧਨਾ ਕੇ ਲਿਏ ਕੀਆ, ਜੈਸੇ ਹਮਾਰੇ ਰਿਸ਼ੀ-ਮੁਨੀ ਕਭੀ ਪੂਰਵ ਮੇਂ ਮੋਕਸ਼ ਪ੍ਰਾਪਤੀ ਕੇ ਲਿਏ ਸੰਗੀਤ ਦੁਆਰਾ ਸਾਧਨਾ ਕਿਆ ਕਰਤੇ ਥੇ।"[5]

---

[1] ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ 112.
[2] ਸ੍ਰੀਚਕਰ, (ਭੂਮਿਕਾ ਲੇਖਨ), ਕੇਲਿਮਾਲ : ਸਵਾਮੀ ਹਰੀਦਾਸ।
[3] ਮਦਾਨ, ਪੰਨਾ ਲਾਲ, ਪੰਜਾਬ ਵਿਚ ਸੰਗੀਤ ਕਲਾ ਦਾ ਨਿਕਾਸ ਤੇ ਵਿਕਾਸ, ਪੰਨਾ 70.
[4] ਵਿਆਸ, ਸਰਵੋਪਰਿ, ਨਿਤਅਵਿਗਰਿਣੀ ਨਾਮਾਵਲੀ, ਪੰਨਾ 1.
[5] ਪਲਨੀਟਕਰ, ਅਲਕਨੰਦਾ-ਸਵਾਮੀ ਹਰਿਦਾਸ ਵਾਣੀ ਏਵਮ ਸੰਗੀਤ, ਪੰਨਾ 256.

ਸਵਾਮੀ ਹਰਿਦਾਸ ਜੀ ਸ਼ੁਰੂ ਤੋਂ ਹੀ ਸੰਤ ਪ੍ਰਵਿਰਤੀ ਦੇ ਮਾਲਕ ਸਨ। ਉਨਾਂ ਨੇ ਅਧਿਆਤਮਿਕ ਅਨੁਭੂਤੀ ਅਤੇ ਭਾਵਾਂ ਦੀ ਅਭਿਵਿਅਕਤੀ ਲਈ ਸੰਗੀਤਕ ਉਪਾਸਨਾ ਕੀਤੀ। ਸਵਾਮੀ ਹਰਿਦਾਸ ਜੀ ਨੇ ਰਾਧਾ ਕ੍ਰਿਸ਼ਣ ਦੀ ਯੁਗਲ ਉਪਾਸਨਾ ਸਖੀ ਭਾਵ ਨਾਲ ਕੀਤੀ। ਸਵਾਮੀ ਹਰਿਦਾਸ ਜੀ ਬ੍ਰਜ ਭਾਸ਼ਾ ਦੇ ਸਰਵਸ੍ਰੇਠ ਕਵੀ ਸਨ। ਉਹਨਾਂ ਨੇ ਸੰਗੀਤਕ ਕਾਵਿ ਦੀ ਰਚਨਾ ਬ੍ਰਜ ਭਾਸ਼ਾ ਵਿਚ ਕੀਤੀ, ਕਿਉਂਕਿ ਹਰਿਦਾਸ ਜੀ ਦੇ ਸਮੇਂ ਜਨ ਜੀਵਨ ਦੀ ਭਾਸ਼ਾ ਵੀ ਸੰਸਕ੍ਰਿਤ ਦੀ ਥਾਂ ਤੇ ਬ੍ਰਜ ਹੋ ਗਈ ਸੀ। ਸਵਾਮੀ ਹਰਿਦਾਸ ਜੀ ਨੇ ਆਪਣੀ ਬਾਣੀ ਵਿਚ ਸ਼ਿਆਮਾ-ਸ਼ਿਆਮ ਦੀ ਸਖੀ ਮੰਨ ਕੇ ਆਪਣੇ ਭਾਵਾਂ ਦੀ ਅਭਿਵਿਅਕਤੀ ਸੰਗੀਤ ਦੁਆਰਾ ਕੀਤੀ।

"ਸਵਾਮੀ ਹਰਿਦਾਸ ਵਰਿੰਦਾਵਨ ਵਾਸੀ, ਸਾਸਵਤ ਬ੍ਰਾਹਮਣ ਏਵੰ ਕ੍ਰਿਸ਼ਣ-ਭਕਤੀ ਕੇ ਲੀਏ ਵਿਸ਼ੇਸ਼ ਸੰਪ੍ਰਦਾਇ ਯਾ ਹਰਿਦਾਸੀ ਸੰਪ੍ਰਦਾਇ ਕੇ ਪ੍ਰਾਰੰਭ ਕਰਤਾ ਥੇ। ਉਨਕੇ ਅਪਨੇ ਭਕਤੀ-ਸੰਬੰਧੀ ਕੁਛ ਵਿਸ਼ਿਸ਼ਟ ਸਿਧਾਂਤ ਥੇ। ਜਿਨਕੇ ਕਾਰਣ ਰਾਧਾ ਕ੍ਰਿਸ਼ਣ ਕੀ ਨਿਤਅ ਲੀਲਾਓਂ ਕੇ ਅਤਿਰਿਕਤ ਔਰ ਕਿਸੀ ਦੇਵੀ-ਦੇਵਤਾ ਕਾ ਗਾਇਨ ਉਨਹੇਂ ਅਭੀਸ਼ਟ ਹੀ ਨਹੀਂ ਥਾ।"[1]

ਸਵਾਮੀ ਹਰਿਦਾਸ ਜੀ ਵਰਿੰਦਾਵਨ ਵਿਚ ਇਕਾਂਤ ਵਿਚ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਵਰਿੰਦਾਵਨ ਵਿਚ ਵਾਸ ਦੇ ਕਾਰਨ ਹੀ ਸ਼ਾਇਦ ਉਹਨਾਂ ਦੇ ਪਦਾਂ ਵਿਚ ਪ੍ਰਾਕ੍ਰਿਤੀ ਦਾ ਵੀ ਬੜਾ ਸੁੰਦਰ ਵਰਨਣ ਮਿਲਦਾ ਹੈ।

"ਰਾਧੇ, ਚਲਿ ਰੀ ਹਰਿ ਬੋਲਤ, ਕੋਕਿਲਾ ਅਲਾਪਤ
ਸੁਰ ਦੇਤ ਪੰਛੀ ਰਾਗ ਬਨਓ
ਜਹਾਂ ਮੋਰ ਕਾਛ ਬਾਂਧੇ ਨ੍ਰਿਤ ਕਰਤ
ਮੇਘ ਮ੍ਰਿਦੰਗ ਬਜਾਵਤ ਬੰਧਾਨ ਗਨਓ।"[2]

ਵੈਦਿਕ ਉਪਾਸਨਾ ਪਰੰਪਰਾ ਵਿਚ ਪ੍ਰਭੂ ਪ੍ਰਾਪਤ ਲਈ ਸੰਗੀਤਕ ਉਪਾਸਨਾ ਦੇ ਮਹੱਤਵ ਨੂੰ ਸਮਝਦੇ ਹੋਏ ਸਵਾਮੀ ਹਰਿਦਾਸ ਜੀ ਨੇ ਅਧਿਆਤਮਿਕ ਉਨਤੀ ਲਈ ਸੰਗੀਤਕ ਭਗਤੀ ਨੂੰ ਸਰਵ ਸ੍ਰੇਸਠ ਦੱਸਿਆ ਹੈ ਅਤੇ ਆਪ ਵੀ ਹਰ ਸਮੇਂ ਉਸੇ ਇਸ਼ਟ ਦੀ ਅਰਾਧਨਾ ਵਿਚ ਰਹੇ।

"ਹਿਤ ਤੇ ਕੀਜੈ ਕਮਲ ਨਯਨ ਸੋ,
ਜਾ ਹਿਤ ਆਗੈ ਔਰ ਹਿਤ ਲਾਗੋ ਫੀਕੇ
ਕੈ ਹਿਤ ਕੀਜੈ ਸਾਧੂ ਸੰਗਤ ਸੋਂ ਜਾਵੈ, ਕਮਲਸ਼ ਜੀ ਕੋ
ਹਰਿ ਕੋ ਹਿਤ ਐਸੋ ਜੋ ਸੋ ਰੰਗ ਮਜੀਠ,
ਸੰਸਾਰ ਹਿਤ ਕੁਸੰਭਿ ਦਿਨ ਦੂਤੀ ਕੋ
ਕਹਿ ਹਰਿਦਾਸ ਹਿਤ ਕੀਜੈ ਬਿਹਾਰੀ
ਸੋ ਔਰ ਨ ਨਿਬਾਹੂ ਜੀ ਕੋ"[3]

---

[1] ਸੰਗੀਤ, ਅਪ੍ਰੈਲ 1957, ਪੰਨਾ 50.
[2] ਕੇਲਿਮਾਲ-ਪਦ-14.
[3] ਭਜਨ ਸੰਗ੍ਰਹਿ, ਪੰਨਾ 20.

ਸਵਾਮੀ ਹਰਿਦਾਸ ਜੀ ਨੇ ਰਾਧਾ-ਕ੍ਰਿਸ਼ਨ ਦਾ ਰੂਪ ਵਰਨਣ, ਉਨ੍ਹਾਂ ਦਾ ਸ਼ਿੰਗਾਰ, ਨਰਿਤ ਦਾ ਵਰਨਣ ਆਪਣੀ ਬਾਣੀ ਵਿਚ ਕੀਤਾ। ਭਾਵਾਂ ਅਤੇ ਭਾਸ਼ਾ ਦੀ ਮਧੁਰਤਾ ਅਤੇ ਕੋਮਲਤਾ ਸਵਾਮੀ ਜੀ ਦੇ ਪਦਾਂ ਦਾ ਅਨੁਪਮ ਗੁਣ ਹੈ। ਸਵਾਮੀ ਜੀ ਦੇ ਪਦਾਂ ਵਿਚ ਗਾਇਨ, ਵਾਦਨ ਅਤੇ ਨਰਿਤ ਤਿੰਨਾਂ ਦਾ ਹੀ ਵਰਨਣ ਮਿਲਦਾ ਹੈ। ਗਾਇਨ ਦੇ ਅਧਿਐਨ ਤੋਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਸਵਾਮੀ ਹਰਿਦਾਸ ਜੀ 'ਧਰੁਪਦ' ਗਾਇਨ ਸ਼ੈਲੀ ਦੇ ਅੰਤਰਗਤ ਪਦਾਂ ਦਾ ਗਾਇਨ ਕਰਦੇ ਸਨ। ਸੁਆਮੀ ਜੀ ਦੀ ਰਚਨਾ 'ਕੇਲਿਮਾਲ' ਵਿਚ ਧਰੁਪਦ ਗਾਇਨ ਸ਼ੈਲੀ ਦਾ ਉਲੇਖ ਮਿਲਦਾ ਹੈ।

> "ਪਰਸਪਰ ਰਾਗ ਜਮਓ ਸਮੇਤ ਕਿੰਨਰੀ ਮਿਰਦੰਗ ਸੁਰ ਤਾਰ।
> ਤੀਨ ਹੂੰ ਸੁਰਨ ਕੇ ਤਾਨ ਬੰਧਾਨ, ਧੁਰ ਧੁਰਪਦ ਅਪਾਰ।"[1]

"ਬ੍ਰਜਭਾਸ਼ਾ-ਧਰੁਪਦ ਕੇ ਜਨਮ ਸਥਲ ਗਵਾਲੀਅਰ ਸੇ ਸਵਾਮੀ ਹਰੀਦਾਸ ਜੀ ਕੇ ਵਿਅਕਤੀਤਵ ਕਾ ਸੰਗੀਤ ਪਕਸ਼ ਪੂਰਵਤਾ ਪ੍ਰਭਾਵਿਤ ਥਾ। ਭਕਤ ਕਵੀਓਂ ਮੇਂ ਸ੍ਰੀ ਸਵਾਮੀ ਹਰੀਦਾਸ ਜੀ ਕੋ ਹੀ ਧਰੁਪਦਕਾਰ ਕਹਾ ਜਾਤਾ ਹੈ।"[2]

ਕੇਲਿਮਾਲ ਗ੍ਰੰਥ ਦਾ ਅਧਿਐਨ ਕਰਨ ਤੇ ਇਹ ਮਾਲੂਮ ਹੁੰਦਾ ਹੈ ਕਿ ਉਹਨਾਂ ਨੇ ਅਨੇਕ ਧਰੁਪਦਾਂ ਦੀ ਰਚਨਾ ਕੀਤੀ। ਸਵਾਮੀ ਜੀ ਦੇ ਭਗਤੀ ਰਸ ਵਿਚ ਸ਼ਿਆਮਾ ਸ਼ਿਆਮ ਦੀ ਲੀਲਾਵਾਂ ਦਾ ਗਾਇਨ ਕੀਤਾ। ਉਹਨਾਂ ਦੇ ਪਦਾਂ ਦੀ ਗਾਇਨ ਸ਼ੈਲੀ ਧਰੁਪਦ ਸੀ।

> "ਸੂਰ ਕੋ ਪਦ ਔਰ ਧਰੁਪਦ ਹਰਿਦਾਸ ਕੌ"[3]

ਸਵਾਮੀ ਹਰੀਦਾਸ ਜੀ ਪਦਾਂ ਦੀ ਸ਼ਬਦਾਵਲੀ ਦੇ ਮੁਤਾਬਿਕ ਹੀ ਰਾਗਾਂ ਦਾ ਚੁਣਾਵ ਕਰਦੇ ਸਨ। ਸਵਾਮੀ ਹਰੀਦਾਸ ਨੂੰ ਰਾਗ-ਰਾਗਿਣੀ ਪਧਿੱਤੀ ਦਾ ਵੀ ਗਿਆਨ ਸੀ।

> "ਰਾਗ ਰਾਗਿਨੀ ਅਲੌਕਿਕ ਉਪਜਤ
> ਨਰਿਤ ਸੰਗੀਤ ਅਲਗ ਲਗ-ਲਾਗੇ"

- "ਰਾਗ ਰਾਗਿਨੀ ਕੇ ਜੂਥ ਉਪਜਾਵਤ"
- "ਰਾਗ ਰਾਗਿਨੀ ਕੇ ਫੇਰਾ-ਫੇਰੀ ਸੋਂ"
- "ਸ਼ਿਆਮਾ-ਸ਼ਿਆਮ ਆਵਤ ਕੁੰਜਮਹਲ ਤੇ, ਰੰਗਮਗੇ-ਰੰਗਮਗੇ
  ਸਬ ਸਖੀ ਸੁਘਾਰਾਈ ਗਾਵਤ, ਬੀਨ ਬਜਾਵਤ
  ਸਬ ਸੁਖ ਮਿਲਿ ਸੰਗੀਤ ਪਰੇ।"
- "ਨਰਤਰਤ ਜੁਗਲ ਕਿਸ਼ੋਰ ਜੁਬਤਿ ਤਨ,
  ਸ਼ਰੁਤੀ ਧੁਰਿ ਰਾਗ ਕੇਦਾਰੋ ਮਚਓ"

ਸਵਾਮੀ ਹਰੀਦਾਸ ਜੀ ਨੇ ਬਸੰਤ ਰੁੱਤ ਵਿਚ ਗਾਏ ਜਾਣ ਵਾਲੇ ਸੰਯੋਗ ਸ਼ਿੰਗਾਰ ਰਸ ਵਿਚ ਯੁਕਤ ਰਾਗ ਬਸੰਤ ਵਿਚ ਰਾਧਾ ਕ੍ਰਿਸ਼ਨ ਦੀਆਂ ਸੁਖਦ ਭਾਵਨਾਵਾਂ ਦਾ ਵਰਨਣ ਕੀਤਾ ਹੈ।

---

[1] ਸ਼ਾਸਤਰੀ, ਗੋਵਿੰਦ ਸਰਣ - ਕੇਲਿਮਾਲ, ਪਦ 67.
[2] ਬ੍ਰਹਿਸਪਤੀ, ਅਚਾਰਿਆ ਕੈਲਾਸਚੰਦਰ, ਪੰਨਾ 227.
[3] ਗੋਸਵਾਮੀ, ਸਰਵ ਬਿਹਾਰੀ (ਡਾ.), ਕ੍ਰਿਸ਼ਣ ਭਕਤੀ ਕਾਵਿ ਮੇਂ ਸਖੀ ਭਾਵ, ਪੰਨਾ 465.

## ਰਾਗ ਬਸੰਤ ਦਾ ਪਦ

"ਕੁੰਜ ਬਿਹਾਰੀ ਕੋ ਬਸੰਤ (ਸਖੀ), ਚਲਹੁ ਨ ਦੇਖਨ ਜਾਹਿ।
ਨਵ ਬਨ, ਨਵ ਨਿਕੁੰਜ, ਨਵਪੱਲਵ, ਨਵ ਜੁਵਤਿਨ ਮਿਲਿ ਮਾਂਹਿ॥
ਬੰਸ਼ੀ ਸਰਸ ਮਧੁਰ ਧੁਨਿ, ਧੁਨਿਅਹ, ਫੂਲੀ ਅੰਗਨ ਮਾਂਹਿ
ਸੁਨਿ ਹਰਿਦਾਸ ਪ੍ਰੇਮ ਸੋਂ ਪ੍ਰੇਮਹਿ ਛਿਰਕਤ ਛੈਲ ਛੁੰਵਾਹਿ॥[1]

ਵਰਿੰਦਾਵਨ ਦੇ ਘਰ-ਘਰ ਵਿਚ ਸਵਾਮੀ ਹਰੀਦਾਸ ਜੀ ਦੇ ਪਦਾਂ ਦਾ ਗਾਇਨ ਕੀਤਾ ਜਾਂਦਾ ਹੈ। ਸਵਾਮੀ ਜੀ ਦੇ ਪੈਰੋਕਾਰ ਸਮਾਜ ਗਾਇਨ ਪਦਿੱਤੀ ਦੇ ਅੰਤਰਗਤ ਸਵਾਮੀ ਜੀ ਦੀਆਂ ਰਚਨਾਵਾਂ ਗਾਇਨ ਕਰਦੇ ਹਨ।

"ਸਵਾਮੀ ਹਰਿਦਾਸ ਜੀ ਇਨ ਪਦੋਂ ਕੋ ਕੌਨ-ਕੌਨ ਸੇ ਰਾਗੋਂ ਮੇਂ ਗਾਤੇ ਥੇ ਯਹ ਬਤਾਨਾ ਤੋ ਅਸੰਭਵ ਹੈ। ਤਥਾਪਿ ਹਮ ਯਹ ਸੋਚ ਸਕਤੇ ਹੈ ਕਿ ਸਵਾਮੀ ਜੀ ਕੇ ਅਨੁਆਈ ਉਨ ਪਦੋਂ ਕੋ ਪਦੋਂ ਕੇ ਊਪਰ ਨਿਰਦਿਸ਼ਟ ਰਾਗੋਂ ਮੇਂ ਹੀ ਗਾਤੇ ਹੋਂਗੇ। ਕਿਉਂਕਿ ਵਰਿੰਦਾਵਨ ਮੇਂ ਸਵਾਮੀ ਜੀ ਕੇ ਸੰਪ੍ਰਦਾਇ ਮੇਂ ਪ੍ਰਚਲਿਤ ਸਮਾਜ ਗਾਇਨ ਪਦਿੱਤੀ ਮੇਂ ਪਦ ਕਈ ਵਰਸ਼ ਸੇ ਪਰੰਪਰਾਗਤ ਰਾਗ-ਤਾਲ ਬੱਧ ਧੁਨੋਂ ਮੇਂ ਗਾਏ ਜਾ ਰਹੇ ਹੈਂ। ਔਰ ਅਭੀ ਭੀ ਉਸਮੇਂ ਕਿਸੀ ਕੋ ਕਿਸੀ ਪ੍ਰਕਾਰ ਕਾ ਪਰਿਵਰਤਨ ਕਰਨੇ ਕਾ ਅਧਿਕਾਰ ਨਹੀਂ ਹੈ।"[2]

ਸਵਾਮੀ ਹਰੀਦਾਸ ਜੀ ਦੀਆਂ ਸੰਗੀਤਕ ਰਚਨਾਵਾਂ ਵਿਚ ਗਾਇਨ ਦੇ ਨਾਲ-ਨਾਲ ਵਾਦਾਂ ਦਾ ਵੀ ਉਲੇਖ ਪ੍ਰਾਪਤ ਹੁੰਦਾ ਹੈ। ਤੰਤਰੀ ਵਾਦਾਂ ਦੇ ਅੰਤਰਗਤ ਰਬਾਬ, ਕਿੰਨਰੀ, ਬੀਨ, ਸ਼ੁਸ਼ਿਰ ਵਾਦਾਂ ਵਿਚ ਵੰਸ਼ੀ, ਅਵਨਧ ਵਾਦਾਂ ਵਿਚ ਮਿਰਦੰਗ, ਡਫ਼ ਅਤੇ ਘਣ ਵਾਦਾਂ ਵਿਚ ਮੰਜੀਰਾ, ਝਾਂਝ ਆਦਿ ਵਾਦਾਂ ਦਾ ਵਰਨਣ ਹੈ।

"ਡੋਲਤ ਝੂਲਤ ਬਿਹਾਰੀ-ਬਿਹਾਰਿਨੀ ਰਾਗ ਰਮਿ ਰਹਿਓ
ਕਾਹੂ ਕੇ ਹਾਥ ਅਘੋਟੀ, ਕਾਹੂ ਕੇ ਬੀਨ, ਕਾਹੂ ਕੇ ਮਿਰਦੰਗ
ਕੋਊ ਗਹੇਤਰ, ਕਾਹੂ ਕੇ ਅਰਗਜਾ ਛਿਰਕਤ ਰੰਗ ਰਹਓ।"[3]

"ਸਵਾਮੀ ਹਰਿਦਾਸ ਜੀ ਕੇ ਸੰਗੀਤ ਸੰਬੰਧੀ ਗਿਆਨ ਕੇ ਵਿਸ਼ੇ ਮੇਂ ਇਤਨਾ ਕਹਾ ਜਾ ਸਕਤਾ ਹੈ ਕਿ ਸੰਪੂਰਣ ਭਕਤੀਕਾਲ ਮੇਂ ਸਵਾਮੀ ਹਰੀਦਸ ਕੇ ਸਮਾਨ ਦੂਸਰਾ ਰਸ ਸਿਧ ਗਾਇਕ ਨਹੀਂ ਹੂਆ। ਇਸ ਕਥਨ ਕਾ ਸਮਰਥਨ ਜਨਸ਼ਰੁਤੀ, ਇਤਿਹਾਸਿਕ ਪ੍ਰਮਾਣ ਤਥਾ ਅੰਤ : ਸ਼ਾਸ਼ਅ ਤੀਨੋਂ ਕੇ ਆਧਾਰ ਪਰ ਹੋਤਾ ਹੈ।"[4]

ਸਵਾਮੀ ਹਰੀਦਾਸ ਜੀ ਗਾਇਨ, ਵਾਦਨ ਅਤੇ ਨਰਿਤ ਤਿੰਨਾਂ ਹੀ ਪੱਖਾਂ ਦੇ ਗਿਆਤਾ ਸਨ। ਸਵਾਮੀ ਹਰੀਦਾਸ ਜੀ ਨੇ ਆਪਣੇ ਅਧਿਆਤਮਿਕ ਵਿਚਾਰਾਂ ਨੂੰ ਕਾਵਿ ਰਚਨਾ ਬੱਧ ਕਰਕੇ ਹਿੰਦੁਸਤਾਨੀ ਸੰਗੀਤ ਰਾਹੀਂ ਆਪਣੇ ਇਸ਼ਟ ਨੂੰ ਰਿਝਾਇਆ।

ਸਵਾਮੀ ਹਰੀਦਾਸ ਜੀ ਤਿਆਗੀ ਸੰਤ ਸਨ। ਉਹ ਰਾਜ ਦਰਬਾਰਾਂ ਦੀ ਸ਼ਾਨੋ-ਸ਼ੌਕਤ ਤੋਂ ਹਮੇਸ਼ਾ ਹੀ ਦੂਰ ਰਹੇ। ਉਹਨਾਂ ਦੇ ਗਾਇਨ ਦਾ ਰਸ ਲੌਕਿਕ ਪੁਰਸ਼ ਚਾਹੇ ਉਹ ਰਾਜਾ ਹੀ ਕਿਉਂ ਨਾ ਹੋਵੇ ਨਹੀਂ ਉਠਾ ਸਕਦਾ ਸੀ ਕਿਉਂਕਿ ਉਹ ਸਿਰਫ ਤੇ ਸਿਰਫ ਆਪਣੇ ਇਸ਼ਟ ਨੂੰ ਰਿਝਾਉਣ ਲਈ ਹੀ ਗਾਉਂਦੇ ਸਨ।

---

1. ਸੀਤਲ, ਪ੍ਰਭੂਦਿਆਲ (ਸੰਪਾ.)9, ਸਵਾਮੀ ਹਰਿਦਾਸ ਜੀ ਕੀ ਬਾਣੀ, ਪੰਨਾ 39.
2. ਅਲਕਨੰਦਾ ਪਲਨੀਟਕਰ (ਡਾ.), ਸਵਾਮੀ ਹਰੀਦਾਸ-ਵਾਣੀ ਏਵਮ ਸੰਗੀਤ, ਪੰਨਾ 50.
3. ਹਰਿਦਾਸ ਸਵਾਮੀ, ਕੇਲਿਮਾਲ-ਪਦ ਸੰਖਿਆ-61.
4. ਸੰਗੀਤ, ਹਰਿਦਾਸ ਅੰਕ, ਫਰਵਰੀ-1959, ਪੰਨਾ 93.

ਸਵਾਮੀ ਹਰੀਦਾਸ ਜੀ ਦੇ ਸ਼ਗਿਰਦਾਂ ਵਿਚੋਂ ਤਾਨਸੇਨ ਨੇ ਵਿਸ਼ਵਵਿਖਿਆਤੀ ਪਾਈ ਹੈ। ਇਕ ਕਿਵਦੰਤੀ ਦੇ ਅਨੁਸਾਰ ਤਾਨਸੇਨ ਨੂੰ ਬਾਦਸ਼ਾਹ ਅਕਬਰ ਨੇ ਪੁਛਿਆ ਕਿ ਤੂੰ ਏਨਾ ਸੁਰੀਲਾ ਗਾਇਕ ਹੈਂ ਤੇਰੇ ਤੋਂ ਚੰਗਾ ਗਾਇਕ ਵੀ ਕੋਈ ਹੈ? ਤਾਂ ਤਾਨਸੇਨ ਨੇ ਉੱਤਰ ਦਿੱਤਾ ਕਿ ਮੇਰੇ ਗੁਰੂ ਸਵਾਮੀ ਹਰੀਦਾਸ ਜੀ। ਅਕਬਰ ਨੇ ਤਾਨਸੇਨ ਨੂੰ ਕਿਹਾ ਕਿ ਉਹਨਾਂ ਨੂੰ ਮੇਰੇ ਦਰਬਾਰ ਵਿਚ ਗਾਉਣ ਲਈ ਨਿਮੰਤਰਿਤ ਕਰੋ ਤਾਂ ਤਾਨਸੇਨ ਨੇ ਦੱਸਿਆ ਕਿ ਉਹ ਦਰਬਾਰ ਵਿਚ ਨਹੀਂ ਗਾਉਣਗੇ। ਅਕਬਰ ਨੇ ਭੇਸ ਬਦਲਾ ਕੇ ਵਰਿੰਦਾਵਨ ਵਿਚ ਉਹਨਾਂ ਦੀ ਕੁਟੀਆ ਦੇ ਨੇੜੇ ਲੁਕ ਕੇ ਸਵਾਮੀ ਜੀ ਦਾ ਗਾਇਨ ਸੁਣਿਆ। ਸਵਾਮੀ ਹਰੀਦਾਸ ਜੀ ਦੀ ਗਾਇਕੀ ਵਿਚ ਏਨੀ ਕਸ਼ਿਸ਼ ਸੀ ਕਿ ਬਾਦਸ਼ਾਹ ਅਕਬਰ ਦੰਗ ਰਹਿ ਗਿਆ। ਅਕਬਰ ਨੇ ਤਾਨਸੇਨ ਨੂੰ ਕਿਹਾ ਕਿ ਮੈਂ ਸੋਚਦਾ ਹਾਂ ਕਿ ਤੂੰ ਹੀ ਸਭ ਤੋਂ ਸੁਰੀਲਾ ਗਾਇਕ ਹੈਂ, ਪ੍ਰੰਤੂ ਤੇਰੇ ਗੁਰੂ ਦੀ ਆਵਾਜ਼ ਵਿਚ ਅਜੀਬ ਹੀ ਲੋਚ ਹੈ, ਖਿੱਚ ਹੈ, ਤਾਂ ਤਾਨਸੇਨ ਨੇ ਜੁਆਬ ਦਿੱਤਾ ਕਿ ਜਦੋਂ ਮੈਂ ਗਾਉਂਦਾ ਹਾਂ ਤਾਂ ਮੈਨੂੰ ਇਹ ਧਿਆਨ ਹੁੰਦਾ ਹੈ ਕਿ ਮੈਨੂੰ ਗਾਇਨ ਉਪਰੰਤ ਇਨਾਮ ਮਿਲੇਗਾ। ਪ੍ਰੰਤੂ ਮੇਰੇ ਗੁਰੂ ਉਦੋਂ ਗਾਉਂਦੇ ਹਨ ਜਦੋਂ ਉਹ ਉਸ ਪ੍ਰਮਾਤਮਾ ਨਾਲ ਮਿਲੇ ਹੁੰਦੇ ਹਨ। ਭਾਵ ਉਹ ਪ੍ਰਮਾਤਮਾ ਲਈ ਗਾਉਂਦੇ ਹਨ ਅਤੇ ਉਹਨਾਂ ਦੇ ਗਾਇਨ ਦਾ ਇਨਾਮ ਉਹਨਾਂ ਨੂੰ ਪਹਿਲਾਂ ਹੀ ਮਿਲਿਆ ਹੁੰਦਾ ਹੈ।

## 4.10 ਹਜ਼ਰਤ ਸੁਲਤਾਨ ਬਾਹੂ

ਹਜ਼ਰਤ ਸੁਲਤਾਨ ਬਾਹੂ ਪ੍ਰਸਿੱਧ ਸੂਫ਼ੀ ਕਵੀ ਹੈ। ਹਜ਼ਰਤ ਸੁਲਤਾਨ ਬਾਹੂ ਦਾ ਜਨਮ 1629 ਈ: ਨੂੰ ਏਵਾਨ ਜਿਲ੍ਹਾ ਝੰਗ ਵਿਚ (ਪਾਕਿਸਤਾਨ) ਹੋਇਆ। ਇਹਨਾਂ ਦੇ ਪਿਤਾ ਸ਼ਾਇਰ ਬਾਜ਼ੀਦ ਮੁਹੰਮਦ ਸਨ ਅਤੇ ਮਾਤਾ ਬੀਬੀ ਰਾਸਤੀ-ਕੁਦਸ-ਸਰਾ ਸੀ ਜੋ ਕਿ ਅਧਿਆਤਮਿਕ ਵਿਚਾਰਾਂ ਵਾਲੀ ਸੀ। ਇਹਨਾਂ ਦੇ ਵੱਡੇ-ਵਡੇਰੇ ਅਰਬ ਤੋਂ ਆ ਕੇ ਝੰਗ ਵਿਚ ਵਸ ਗਏ। ਬਚਪਨ ਤੋਂ ਹੀ ਹਜ਼ਰਤ ਸੁਲਤਾਨ ਬਾਹੂ ਫ਼ਕੀਰਾਨਾ ਤਬੀਅਤ ਦੇ ਸਨ। ਇਹਨਾਂ ਦੇ ਦੁਨੀਆਵੀ ਪੜ੍ਹਾਈ ਘੱਟ ਕੀਤੀ। ਬਚਪਨ ਤੋਂ ਹੀ ਇਹਨਾਂ ਦੀ ਮਾਤਾ ਬੀਬੀ ਰਾਸਤੀ ਨੇ ਇਹਨਾਂ ਨੂੰ ਅਧਿਆਤਮਿਕ ਗਿਆਨ ਦੇਣਾ ਸ਼ੁਰੂ ਕਰ ਦਿੱਤਾ। ਇਹ ਆਪਣੀ ਮਾਤਾ ਤੋਂ ਏਨੇ ਪ੍ਰਭਾਵਿਤ ਸਨ ਕਿ ਇਨ੍ਹਾਂ ਨੇ ਆਪਣੀ ਮਾਤਾ ਨੂੰ ਹੀ ਅਧਿਆਤਮਿਕ ਗੁਰੂ ਧਾਰਨ ਕਰਨਾ ਚਾਹਿਆ, ਪਰੰਤੂ ਇਸਲਾਮੀ ਸ਼ਰਾ ਦੇ ਅਨੁਸਾਰ ਇਸਤਰੀ ਅਧਿਆਤਮਿਕ ਗੁਰੂ ਜਾਂ ਮੁਰਸ਼ਦ ਨਹੀਂ ਬਣ ਸਕਦੀ। ਇਸ ਲਈ ਉਹਨਾਂ ਨੇ ਸ਼ਾਹ ਹਬੀਬੁੱਲਾ ਕਾਦਿਰੀ ਨੂੰ ਆਪਣਾ ਮੁਰਸ਼ਦ ਧਾਰਣ ਕਰ ਲਿਆ ਜੋ ਕਿ ਕਾਦਰੀ ਸਿਲਸਿਲੇ ਦੇ ਸੂਫ਼ੀ ਸਨ। ਕਹਿੰਦੇ ਹਨ ਕਿ ਅਧਿਆਤਮਿਕ ਗੂੜ ਗਿਆਨ ਵਿਚ ਇਹ ਆਪਣੇ ਮੁਰਸ਼ਦ ਤੋਂ ਵੀ ਅੱਗੇ ਨਿਕਲ ਗਏ ਜਿਸ ਕਾਰਨ ਸਯਦ ਹਬੀਬੁੱਲਾ ਨੇ ਇਨ੍ਹਾਂ ਨੂੰ ਆਪਣੇ ਮੁਰਸ਼ਦ ਸਯਦ ਅਬਦੁਲ ਰਹਿਮਾਨ ਦੀ ਮੁਰੀਦੀ ਲਈ ਦਿੱਲੀ ਭੇਜ ਦਿੱਤਾ।

ਹਜ਼ਰਤ ਸੁਲਤਾਨ ਬਾਹੂ ਉੱਚ ਕੋਟੀ ਦਾ ਸੂਫ਼ੀ ਕਵੀ ਸੀ। ਹਜ਼ਰਤ ਸੁਲਤਾਨ ਬਾਹੂ ਨੇ ਆਪਣੇ ਪੂਰਵਰਤੀ, ਸਮਕਾਲੀ ਸੂਫ਼ੀ ਰਹੱਸਵਾਦੀ ਕਵੀਆਂ ਦੇ ਵਿਚਾਰਾਂ ਵਿਚ ਆਪਣੇ ਡੂੰਘੇ ਅਤੇ ਗੂਹੜ ਰਹੱਸਾਂ ਅਤੇ ਅਨੁਭਵਾਂ ਦਾ ਮਿਸ਼ਰਣ ਕੀਤਾ। ਇਹਨਾਂ ਨੇ ਆਪਣੇ ਅਧਿਆਤਮਿਕ ਵਿਚਾਰਾਂ ਦਾ ਅਰਬੀ, ਫ਼ਾਰਸੀ ਅਤੇ ਪੰਜਾਬੀ ਵਿਚ ਪ੍ਰਗਟਾਵਾ ਕੀਤਾ। "ਇਨ੍ਹਾਂ ਦੀਆਂ ਪੁਸਤਕਾਂ ਦੀ ਗਿਣਤੀ 140 ਦੇ ਲਗਭਗ ਦੱਸੀ ਜਾਂਦੀ ਹੈ

ਜਿਨ੍ਹਾਂ ਵਿਚੋਂ ਕੁਝ ਦੇ ਨਾਂ ਇਸ ਤਰ੍ਹਾਂ ਹਨ - ਐਨ ਉਲ-ਫੁਕਰਾ, ਦੀਵਾਨ ਬਾਹੂ, ਅਕਲ ਬੇਦਾਰ, ਸ਼ਮਸ ਉਲ ਆਰਫੀਨ, ਮਫਤਾਹ ਉਲ ਆਰਫੀਨ, ਮੁਹਕਮ ਉਲ-ਫੁਕਰਾ, ਗੰਜ ਅਲਸਰਾਰ। "[1]

"ਇਸ ਵਿਚ ਕੁਝ ਦਾ ਅਨੁਵਾਦ ਉਰਦੂ ਵਿਚ ਹੋਇਆ ਮਿਲਦਾ ਹੈ। ਉਸਦੀਆਂ ਫ਼ਾਰਸੀ ਦੀਆਂ 50 ਗ਼ਜ਼ਲਾਂ ਦਾ ਅਨੁਵਾਦ ਪੰਜਾਬੀ ਵਿਚ ਹੋਇਆ ਹੈ। "[2]

"ਬਾਹੂ ਬਾਝ ਫ਼ਨਾ ਰੱਬ ਹਾਸਲ ਨਾਹੀਂ, ਨ ਤਾਸੀਰ ਜਮਾਤਾਂ ਹੂ"

ਪੰਜਾਬੀ ਕਾਵਿ ਰਚਨਾ ਵਿਚ ਉਹਨਾਂ ਨੇ ਸ਼ੀਹਰਫ਼ੀ ਕਾਵਿ ਸ਼ੈਲੀ ਦੇ ਅੰਤਰਗਤ ਅਲੱਗ-ਅਲੱਗ ਹਰਫ਼ਾ ਨਾਲ ਕਈ ਕਾਵਿ ਬੰਦਾਂ ਦੀ ਰਚਨਾ ਕੀਤੀ। ਸੁਲਤਾਨ ਬਾਹੂ ਪੰਜਾਬੀ ਕਾਵਿ ਵਿਚ ਸ਼ੀਹਰਫ਼ੀ ਕਾਵਿ ਰੂਪ ਦੇ ਅੰਤਰਗਤ ਕਾਵਿ ਰਚਨਾ ਕਰਨ ਵਾਲਾ ਪਹਿਲਾ ਸੂਫ਼ੀ ਕਵੀ ਹੈ।ਹਜ਼ਰਤ ਸੁਲਤਾਨ ਬਾਹੂ ਦਾ ਕਲਾਮ 'ਹੂ' ਸ਼ਬਦ ਦੇ ਕਾਰਨ ਆਪਣੀ ਵਿਲੱਖਣ ਪਹਿਚਾਣ ਨਿਰਧਾਰਿਤ ਕਰਦਾ ਹੋਇਆ ਪ੍ਰੇਮ ਮਾਰਗ ਤੇ ਚਲ ਕੇ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਦ੍ਰਿਸ਼ਠੀ ਗੋਚਰ ਕਰਦਾ ਹੈ। "ਉਸਦੀ ਪੰਜਾਬੀ ਰਚਨਾ ਨੂੰ ਛਪਵਾਣ ਦਾ ਸਭ ਤੋਂ ਪਹਿਲਾ ਉਪਰਾਲਾ ਫ਼ਜ਼ਲਦੀਨ ਲਾਹੌਰੀ ਨੇ ਕੀਤਾ ਅਤੇ ਇਸਨੂੰ ਆਬੇਯਾਤ ਸੁਲਤਾਨ ਬਾਹੂ ਦੇ ਨਾਂ ਹੇਠ ਛਪਵਾਇਆ। ਸੁਲਤਾਨ ਬਾਹੂ ਦੀ ਸਮੁੱਚੀ ਪੰਜਾਬੀ ਰਚਨਾ ਦੀ ਇਕ ਵਿਸ਼ੇਸਤਾ ਅਤੇ ਵੱਖਰੀ ਪਹਿਚਾਣ ਇਹ ਹੈ ਕਿ ਉਸ ਦੀ ਹਰ ਇਕ ਪੰਕਤੀ ਹੂ ਨਾਲ ਖ਼ਤਮ ਹੁੰਦੀ ਹੈ। "[3]

ਹੂ ਸ਼ਬਦ ਦਾ ਸ਼ਾਬਦਿਕ ਅਰਥ ਹੈ ਅੱਲ੍ਹਾ ਨਾਲ ਮਿਲਾਪ "ਹੂ : ਰੱਬ ਪ੍ਰਮਾਤਮਾ"[4]

ਹਜ਼ਰਤ ਬਾਹੂ ਨੇ ਆਪਣੇ ਕਲਾਮ ਵਿਚ ਹਰ ਪੰਕਤੀ ਦੇ ਅੰਤ ਵਿਚ ਹੂ ਨਾਲ ਇਕ ਲੈਆਤਮਕ ਮਾਹੌਲ ਸਿਰਜ ਕੇ ਅੱਲਾ ਦੇ ਨਾਮ ਨੂੰ ਦ੍ਰਿੜ ਕੀਤਾ ਹੈ।

ਹਜ਼ਰਤ ਸੁਲਤਾਨ ਬਾਹੂ ਨੇ ਆਪਣੇ ਕਲਾਮ ਵਿਚ ਇਸ਼ਕ ਦੇ ਸੰਕਲਪ ਨੂੰ ਬਹੁਤ ਹੀ ਵਿਸਤਰਿਤ ਅਤੇ ਵਿਆਪਕ ਰੂਪ ਵਿਚ ਉਜਾਗਰ ਕੀਤਾ। ਉਸ ਦੀਆਂ ਰਚਨਾਵਾਂ ਇਸ਼ਕ ਹਕੀਕੀ ਦੇ ਦੁਆਲੇ ਘੁੰਮਦੀਆਂ ਹਨ ਭਾਵ ਉਸਦੀਆਂ ਰਚਨਾਵਾਂ ਦਾ ਮੂਲ ਆਧਾਰ ਰੱਬੀ ਇਸ਼ਕ ਹੈ। ਰੱਬੀ ਇਸ਼ਕ ਨੂੰ ਉਹ ਚੰਬੇ ਦੀ ਬੂਟੀ ਦੇ ਨਾਲ ਤੁਲਨਾ ਵਿਚ ਲਿਖਦਾ ਹੈ ਕਿ

"ਅਲਫ਼ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮਨ ਵਿਚ ਲਾਈ ਹੂ।
ਨਫ਼ੀ ਅਸਬਾਤ ਦਾ ਪਾਣੀ ਮਿਲਿਆ, ਹਰ ਜਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੁੱਲਣ ਪਰ ਆਈਹੂ।
ਜੀਵੇ ਮੁਰਸ਼ਦ ਕਾਮਲ ਬਾਹੂ, ਜਿਸ ਇਹ ਬੂਟੀ ਲਾਈ ਹੂ। "[5]

ਸੁਲਤਾਨ ਬਾਹੂ ਨੇ ਫ਼ਨਾ ਦੀ ਅਵਸਥਾ ਦਾ ਵੀ ਆਪਣੀ ਕਾਵਿ ਰਚਨਾ ਵਿਚ ਜ਼ਿਕਰ ਕੀਤਾ ਹੈ। ਫ਼ਨਾ ਦੀ ਅਵਸਥਾ ਤੋਂ ਗੁਜ਼ਰ ਕੇ ਹੀ ਬਕਾ ਦੀ ਅਵਸਥਾ ਤਾਰੀ ਹੋ ਸਕਦੀ ਹੈ।

---

1 ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 126.
2 ਆਨੰਦ, ਤਰਲੋਕ ਸਿੰਘ, ਹਰਜੋਤ ਕੌਰ (ਸੰਪਾ.), ਸੁਲਤਾਨ ਬਾਹੂ ਦੀ ਚੋਣਵੀ ਕਵਿਤਾ, ਪੰਨਾ 24.
3 ਉਹੀ, ਪੰਨਾ 24.
4 ਉਹੀ, ਪੰਨਾ 52.
5 ਉਹੀ, ਪੰਨਾ 33.

ਸੁਲਤਾਨ ਬਾਹੂ ਦੇ ਵਿਚਾਰ ਅਨੁਸਾਰ ਰੱਬੀ ਇਸ਼ਕ ਨੂੰ ਹਾਸਿਲ ਕਰਨਾ ਕਾਮਿਲ ਫ਼ਕੀਰਾਂ ਦਾ ਹੀ ਕੰਮ ਹੈ। ਹਜ਼ਰਤ ਸੁਲਤਾਨ ਬਾਹੂ ਸ਼ਰੀਅਤ ਦੀ ਪਾਲਣਾ ਕਰਦਾ ਹੈ ਪਰ ਸ਼ਰੀਅਤ ਦਾ ਦਿਖਾਵਾ ਕਰਨ ਵਾਲੇ ਲੋਕਾਂ ਨੂੰ ਸੁਚੇਤ ਵੀ ਕਰਦਾ ਹੈ।

"ਸੇ ਸਾਬਤ ਇਸ਼ਕ ਤਿਨ੍ਹਾਂ ਨੇ ਲੱਧਾ, ਜਿਨ੍ਹਾਂ ਤਰੱਟੀ ਚੋੜ ਦਾ ਕੀਤੀ ਹੂ।
ਕਾਜ਼ੀ ਆਣ ਸਰਹ ਵਲ ਬਾਹੂ, ਕਦੇ ਇਸ਼ਕ ਨਮਾਜ਼ ਨ ਕੀਤੀ ਹੂ।"[1]
"ਨਫ਼ਲ ਨਮਾਜ਼ਾਂ ਕੰਮ ਜਨਾਨਾ, ਰੋਜ਼ੇ ਸਰਫ਼ਾ ਰੋਟੀ ਹੂ।
ਮੱਕੇ ਦੇ ਵਲ ਸੋਈ ਜਾਂਦੇ, ਘਰੋਂ ਜਿਨ੍ਹਾਂ ਤਰੁੱਟੀ ਹੂ।
ਬਾਂਗਾਂ ਸੋਈ ਦੇਵਣ, ਨੀਤ ਜਿਨ੍ਹਾਂ ਦੀ ਖੋਟੀ ਹੂ
ਕੀ ਪਰਵਾਹ ਤਿਨ੍ਹਾਂ ਨੂੰ ਬਾਹੂ,
ਜਿਨ੍ਹਾਂ ਘਰ ਵਿਚ ਲੱਧੀ ਬੂਟੀ ਹੂ।"[2]

ਹਜ਼ਰਤ ਸੁਲਤਾਨ ਬਾਹੂ ਨੇ ਸੂਫ਼ੀਮਤ ਅਨੁਸਾਰ ਪ੍ਰਭੂ-ਪ੍ਰਾਪਤੀ ਦਾ ਸਭ ਤੋਂ ਉੱਤਮ ਸਾਧਨ ਇਸ਼ਕ ਹਕੀਕੀ ਨੂੰ ਦੱਸਿਆ ਹੈ। ਇਸ਼ਕ ਹਕੀਕੀ ਦੇ ਰੰਗ ਵਿਚ ਰੰਗਿਆ ਮਨੁੱਖ ਰੱਬੀ ਨੂਰ ਦੁਆਰਾ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ। ਸੁਲਤਾਨ ਬਾਹੂ ਅਜਿਹੀ ਰੰਗਣਾ ਵਿਚ ਰੰਗੇ ਮਨੁੱਖ ਤੋਂ ਆਪਾ ਕੁਰਬਾਨ ਕਰਦਾ ਹੈ।

"ਐਨ-ਇਸ਼ਕ ਹਕੀਕੀ ਪਾਇਆ ਮੂੰਹੋਂ ਨਾ ਕੁਝ ਅਲਾਵਣ ਹੂ।
ਮੈਂ ਕੁਰਬਾਨ ਤਿਨ੍ਹਾਂ ਤੋਂ ਬਾਹੂ ਜੋ ਹਿਕ ਨਿਗ੍ਹਾ ਵਿਚ ਆਵਣ ਹੂ।"[3]

## 4.11 ਸਾਂਈ ਬੁੱਲੇ ਸ਼ਾਹ

ਸਾਂਈ ਬੁੱਲੇ ਸ਼ਾਹ ਦਾ ਜਨਮ 1680 ਈ: ਵਿਚ ਪਾਂਡੋਕੇ ਜਿਲ੍ਹਾ ਲਾਹੌਰ ਵਿਚ ਹੋਇਆ। ਇਹਨਾਂ ਦਾ ਨਾਮ ਪਹਿਲਾ ਅਬਦੁੱਲਾ ਸੀ। ਇਹਨਾਂ ਦੇ ਵਾਲਿਦ ਸਖ਼ੀ ਮੁਹੰਮਦ ਦਰਵੇਸ ਉਚ ਸਰੀਫ਼ ਗੀਲਾਨੀਆਂ ਜੀਲਾਨੀ ਦੇ ਰਹਿਣ ਵਾਲੇ ਸਨ। ਸਖੀ ਮੁਹੰਮਦ ਦਰਵੇਸ਼ (ਸੱਯਦ ਦਰਵੇਸ਼) ਆਪਣੇ ਹੀ ਪਿੰਡ ਦੇ ਮਦਰੱਸੇ ਵਿਚ ਬੱਚਿਆਂ ਨੂੰ ਮੁਢਲੀ ਸਿੱਖਿਆ ਦਿੰਦੇ ਸਨ। ਬੁੱਲੇ ਸ਼ਾਹ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿਤਾ ਸ਼ਖ਼ੀ ਮੁਹੰਮਦ ਦਰਵੇਸ਼ ਤੋਂ ਹਾਸਿਲ ਕਤਿੀ। ਬੁੱਲੇ ਸ਼ਾਹ ਨੂੰ ਉੱਚ ਸਿੱਖਿਆ ਦੀ ਪ੍ਰਾਪਤੀ ਲਈ ਕਸੂਰ ਭੇਜਿਆ ਗਿਆ ਆਪ ਨੇ ਆਪਣੀ ਉੱਚ ਇਸਲਾਮੀ ਸਿੱਖਿਆ ਗੁਲਾਮ ਮੁਰਤਜ਼ਾ ਤੋਂ ਲਈ। ਕਸੂਰ ਵਿਚ ਪੜਦਿਆਂ ਹੀ ਆਪਦੀ ਮਿਲਨੀ ਕਈ ਸਾਧਾਂ ਸੰਤਾਂ ਨਾਲ ਹੁੰਦੀ ਰਹਿੰਦੀ। ਜਿਸ ਵਜੋਂ ਆਪ ਦੇ ਅੰਦਰ ਫ਼ਕੀਰੀ ਦੀ ਲਗਨ ਲੱਗ ਗਈ। ਆਪ ਸਾਧ ਸੰਤਾਂ ਦੇ ਅਧਿਆਤਮਿਕ ਵਿਚਾਰਾਂ ਨੂੰ ਸੁਣਦੇ ਅਤੇ ਆਪਣੇ ਅਨੁਭਵਾਂ ਨੂੰ ਆਪਣੀ ਕਲਮ ਤੋਂ ਕਾਵਿ ਬੱਧ ਕਰਦੇ। ਕਸੂਰ ਰਹਿੰਦਿਆਂ ਆਪ ਰੂਹਾਨੀ ਰੰਗ ਵਿਚ ਪੂਰੀ ਤਰ੍ਹਾਂ ਰੰਗੇ ਗਏ। ਆਤਮਾ ਵਿਚ ਪ੍ਰਮਾਤਮਾ ਦੀ ਖਿੱਚ ਪੈਣ ਲੱਗੀ। ਇਸ ਖਿੱਚ ਨੇ ਆਪ ਦੇ ਮਨ ਵਿਚ ਪ੍ਰਭੂ ਮਿਲਾਪ ਲਈ ਅਜਿਹੀ ਤੜਪ ਪੈਦਾ ਕੀਤੀ ਕਿ ਬੁੱਲੇ ਸ਼ਾਹ ਆਪਣੇ ਇਸ਼ਟ ਦੀ ਭਾਲ ਵਿਚ ਲੱਗ ਗਏ। ਜਦੋਂ

[1] ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰਨਾ 130.
[2] ਸਿੰਗਲ, ਧਰਮਪਾਲ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 128.
[3] ਆਨੰਦ, ਤਰਲੋਕ ਸਿੰਘ, ਹਰਜੋਤ ਕੌਰ, ਸੁਲਤਾਨ ਬਾਹੂ ਦੀ ਚੋਣਵੀ ਕਵਿਤਾ, ਪੰਨਾ 44.

ਬੁੱਲੇ ਸ਼ਾਹ ਦਾ ਮਨ ਰੱਬੀ ਇਸ਼ਕ ਦੀ ਮੰਜ਼ਿਲ ਵੱਲ ਵਧਣ ਲੱਗਾ ਤਾਂ ਆਪ ਨੂੰ ਕਾਮਲ ਮੁਰਸ਼ਦ ਦੀ ਲੋੜ ਪਈ। ਜੋ ਆਪ ਦੇ ਤਪਦੇ ਹਿਰਦੇ ਨੂੰ ਠੰਡਕ ਪਹੁੰਚਾਵੇ।

ਬੁੱਲੇ ਸ਼ਾਹ ਨੂੰ ਇਨਾਇਤ ਸ਼ਾਹ ਕਾਦਰੀ ਬਾਰੇ ਥਹੁ ਮਿਲੀ ਜੋ ਕਿ ਕਰਾਮਾਤੀ ਮਸਤ ਫ਼ਕੀਰ ਸਨ। ਆਪ ਲੱਭਦੇ ਲਭਾਉਂਦੇ ਕਾਦਰੀ ਇਨਾਇਤ ਸ਼ਾਹ ਕੋਲ ਪਹੁੰਚੇ। ਕਿਹਾ ਜਾਂਦਾ ਹੈ ਕਿ ਜਦੋਂ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਸਾਂਈ ਇਨਾਇਤ ਸ਼ਾਹ ਕੋਲ ਪਹੁੰਚੇ ਤਾਂ ਹਜ਼ੂਰ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਉਹਨਾਂ ਨੇ ਬੁੱਲੇ ਨੂੰ ਕਿਹਾ ਕਿ ਕੀ ਲੱਭਦਾ ਹੈ ਤਾਂ ਬੁੱਲੇ ਸ਼ਾਹ ਨੇ ਕਿਹਾ ਕਿ ਮੈਂ ਰੱਬ ਨੂੰ ਪਾਉਣਾ ਹੈ ਤਾਂ ਇਨਾਇਤ ਸ਼ਾਹ ਨੇ ਕਿਹਾ ਕਿ 'ਰੱਬ ਦਾ ਕੀ ਪਾਉਣਾ, ਇੱਧਰੋਂ ਪੁੱਟਣਾ ਤੇ ਉੱਧਰ ਲਾਉਣਾ' ਭਾਵ ਆਪਣੇ ਮਨ ਨੂੰ ਹੀ ਸਿਰਫ਼ ਮੋੜਨਾ ਹੈ ਦੁਨਿਆਵੀ ਰਿਸ਼ਤਿਆਂ ਵੱਲੋਂ ਮਨ ਨੂੰ ਵਰਜ਼ ਕੇ ਉਸ ਪ੍ਰਭੂ ਪ੍ਰਮਾਤਮਾ ਵੱਲ ਜੋੜਨਾ ਹੈ। ਇਨਾਇਤ ਸ਼ਾਹ ਦੀ ਇਹ ਗੱਲ ਬੁੱਲ੍ਹੇ ਸ਼ਾਹ ਦੇ ਮਨ ਵਿਚ ਘਰ ਕਰ ਗਈ। ਇਨਾਇਤ ਸ਼ਾਹ ਦੇ ਇਹਨਾਂ ਬੋਲਾਂ ਨੇ ਬੁੱਲ੍ਹੇ ਸ਼ਾਹ ਦੇ ਅਧਿਆਤਮ ਅਤੇ ਰੂਹਾਨੀ ਮੰਜ਼ਿਲ ਦੇ ਸਭ ਦੁਆਰ ਖੋਲ੍ਹ ਦਿੱਤੇ। ਬੁੱਲ੍ਹੇ ਸ਼ਾਹ ਨੇ ਇਨਾਇਤ ਸ਼ਾਹ ਨੂੰ ਆਪਣਾ ਮੁਰਸ਼ਦ ਧਾਰਣ ਕਰ ਲਿਆ। ਇਨਾਇਤ ਸ਼ਾਹ ਕਾਦਰੀ ਸਿਲਸਿਲੇ ਦਾ ਪ੍ਰਤੀਨਿਧ ਕਰਦੇ ਸਨ। ਆਪ ਆਪਣੀ ਖੁਲ-ਦਿਲੀ, ਨਿਮਰਤਾ ਤੇ ਪਾਕੀਜ਼ਗੀ ਲਈ ਮਸ਼ਹੂਰ ਸਨ। ਬੁੱਲ੍ਹਾ ਹੋਰ ਸਭ ਸੂਫ਼ੀਆਂ ਨਾਲੋਂ ਵੱਧ ਮੁਰਸ਼ਦ ਦੀ ਉਪਮਾ ਅਤੇ ਉਸ ਪ੍ਰਤੀ ਸ਼ਰਧਾ ਪ੍ਰਗਟ ਕਰਦਾ ਸੀ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੀ ਪ੍ਰੇਮ-ਭਗਤੀ ਵਿਚ ਮਸਤ ਫ਼ਕੀਰ ਹੋ ਗਿਆ।

ਬੁੱਲ੍ਹੇ ਸ਼ਾਹ ਸੱਯਦ ਘਰਾਣੇ ਨਾਲ ਤਾਲੁਕਾਤ ਰੱਖਦਾ ਸੀ ਅਤੇ ਉਸਦਾ ਗੁਰੂ ਆਰਾਂਈ ਸੀ। ਜਿਸ ਕਾਰਨ ਉਸਦੇ ਰਿਸ਼ਤੇਦਾਰ ਉਸਨੂੰ ਤਾਅਨੇ ਮਿਹਣੇ ਦਿੰਦੇ ਸਨ ਕਿ ਤੂੰ ਸਾਡੇ ਖਾਨਦਾਨ ਨੂੰ ਲਾਜ਼ ਲਾਈ ਹੈ, ਪਰ ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਰੰਗ ਵਿਚ ਇੰਨਾ ਲਬਰੇਜ਼ ਹੋ ਗਿਆ ਸੀ ਕਿ ਉਸ ਨੂੰ ਲੋਕਾਂ ਦੇ ਤਾਹਨਿਆਂ ਦੀ ਕੋਈ ਪ੍ਰਵਾਹ ਨਹੀਂ ਸੀ ਕਿਉਂਕਿ ਬੁੱਲ੍ਹੇ ਸ਼ਾਹ ਰੂਹਾਨੀ ਸਫ਼ਰ ਦੇ ਪਾਂਧੀ ਬਣ ਗਏ ਸਨ।

"ਇਸ਼ਕ ਅੱਲਾ ਦੀ ਜਾਤ, ਲੋਕਾਂ ਦਾ ਮਿਹਣਾ
ਕੇਂਹ ਵਲ ਕਰਾਂ ਪੁਕਾਰ ਕਿਸੇ ਨਹੀਂ ਰਹਿਣਾ"

ਬੁੱਲ੍ਹੇ ਨੇ ਆਪਣੀਆਂ ਰਚਨਾਵਾਂ ਵਿਚ ਵੇਦਾਂ ਦਾ, ਕ੍ਰਿਸ਼ਨ ਦਾ, ਬੰਸਰੀ ਦਾ ਵਰਨਣ ਕਰਕੇ ਭਾਰਤੀ ਭਗਤੀ ਧਰਮ ਅਤੇ ਸੰਗੀਤ ਦੇ ਗਿਆਨ ਦਾ ਵਰਨਣ ਕੀਤਾ ਹੈ।

"ਹਾਜੀ ਲੋਕ ਮੱਕੇ ਵਲ ਜਾਂਦੇ
ਅਸਾਂ ਜਾਣਾ ਤਖਤ ਹਜ਼ਾਰੇ
ਜਿਤ ਵਲ ਯਾਰ ਉਸੇ ਵਲ ਅੱਖੀਆਂ
ਭਾਵੇਂ ਵੇਖ ਕਤੇਬਾਂ ਚਾਰੇ"

– "ਵਰਿੰਦਾਵਨ ਮੇਂ ਗਊਆਂ ਚਰਾਵੇ
ਲੰਕਾ ਚੜ ਕੇ ਨਾਦ ਬਜਾਵੇ
ਮੱਕੇ ਦਾ ਬਣ ਹਾਜੀ ਜਾਵੇ
ਵਾਹ ਵਾਹ ਰੰਗ ਵਟਾਈਦਾ"

– “ਬੰਸੀ ਵਾਲਿਆ ਚਾਕ ਰਾਂਝਾ

ਤੇਰਾ ਸੁਰ ਸਭ ਨਾਲ ਸਾਂਝਾ”

ਬੁੱਲ੍ਹੇ ਸ਼ਾਹ ਨੇ ਇਕ ਪ੍ਰਭੂ ਦੀ ਹੋਂਦ ਨੂੰ ਸਾਰੇ ਜਗਤ ਵਿਚ ਸਵੀਕਾਰਿਆ ਹੈ।

“ਇੱਕ ਲਾਜ਼ਮ ਬਾਤ ਅਦਬ ਦੀ ਏ

ਸਾਨੂੰ ਬਾਤ ਮਲੂਮੀ ਸਬ ਦੀ ਏ

ਹਰ-ਹਰ ਵਿਚ ਸੂਰਤ ਰਬਦੀ ਏ

ਕਿਤੇ ਜ਼ਾਹਰ ਹੈ ਕਿਤੇ ਛੁਪਦੀ ਏ”

– “ਬੁਲਿਆ ਚਲ ਸੁਨਿਆਰ ਦੇ ਜਿੱਥੇ ਗਹਿਣੇ ਘੜੀਏਂ ਲਾਖ

ਸੂਰਤ ਆਪੋ ਆਪਣੀ ਤੂੰ ਇਕੋ ਰੂਪਾ ਆਖ”

ਬੁੱਲ੍ਹੇ ਸ਼ਾਹ ਜਦੋਂ ਰੂਹਾਨੀ ਸਮੁੰਦਰਾਂ ਵਿਚ ਡੁਬਕੀ ਲਗਾਉਣ ਲੱਗ ਪਏ ਤਾਂ ਉਹਨਾਂ ਨੇ ਖੁੱਲ ਕੇ ਸ਼ਰੀਅਤ ਦੇ ਬਾਹਰੀ ਆਡੰਬਰਾਂ ਦਾ ਵਿਰੋਧ ਕੀਤਾ। ਬੁੱਲ੍ਹੇ ਦੇ ਪੂਰਵਵਰਤੀ ਕਿਸੇ ਵੀ ਸੂਫ਼ੀ ਸ਼ਾਇਰ ਨੇ ਏਨੇ ਖੁਲੇ ਸ਼ਬਦਾਂ ਵਿਚ ਸ਼ਰੀਅਤ ਦਾ ਵਿਰੋਧ ਨਹੀਂ ਕੀਤਾ।

“ਫੂਕ ਮੁਸੱਲਾ ਭੰਨ ਸੁੱਟ ਲੋਟਾ

ਨਾ ਫੜ ਤਸਬੀ ਕਾਸਾ ਸੋਟਾ

ਆਲਮ ਕਹਿੰਦੇ ਦੇ ਕੇ ਹੋਕਾ

ਤਰਕ ਹਲਾਲੋਂ ਖਾ ਮੁਰਦਾਰ

ਇਸ਼ਕ ਦੀ ਨਵੀਓਂ ਨਵੀਂ ਬਹਾਰ।”

– “ਅੰਦਰ ਭਰਿਆ ਨਾਲ ਪਲੀਤੀ

ਕਦੇ ਨਮਾਜ਼ ਵਹਦਤ ਨਾ ਕੀਤੀ

ਜਦ ਮੈਂ ਸਬਕ ਇਸ਼ਕ ਦਾ ਪੜਿਆ

ਜੀਉੜਾ ਮਸਜਿਦ ਕੋਲੋਂ ਡਰਿਆ”

ਸੂਫ਼ੀ ਸੰਤ ਸੰਜਮ ਅਤੇ ਸੰਕੋਚ ਦੇ ਦਾਇਰੇ ਅੰਦਰ ਰਹਿ ਕੇ ਹੀ ਆਪਣੇ ਅਨੁਭਵਾਂ ਦਾ ਵਰਨਣ ਕਰਦੇ ਹਨ। ਪਰੰਤੂ ਬੁੱਲ੍ਹੇ ਸ਼ਾਹ ਨੇ ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਖੁੱਲ੍ਹ ਕੇ ਆਪਣੇ ਆਂਤਰਿਕ ਭਾਵਾਂ ਦੀ ਅਭਿਅਕਤੀ ਕੀਤੀ। ਜਿਸ ਕਾਰਨ ਉਹਨਾਂ ਦੇ ਮੁਰਸ਼ਦ ਬੁੱਲ੍ਹੇ ਸ਼ਾਹ ਤੋਂ ਨਾਰਾਜ ਹੋ ਗਏ ਕਿਉਂਕਿ ਮਨਸੂਰ ਵਰਗੇ ਸੂਫ਼ੀ ਨੂੰ ਵੀ ਅਨਲ ਹੱਕ ਦਾ ਨਾਅਰਾ ਲਾਉਣ ਕਰਕੇ ਸੂਲੀ ਚੜਨਾ ਪਿਆ ਸੀ। ਮੁਰਸ਼ਦ ਨੇ ਬੁੱਲ੍ਹੇ ਨੂੰ ਆਪਣੇ ਡੇਰੇ ਤੋਂ ਕੱਢ ਦਿੱਤਾ। ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਹੁਕਮਾਂ ਦੀ ਪਾਲਣਾ ਕਰਦਾ ਹੋਇਆ ਡੇਰੇ ਤੋਂ ਤੇ ਚਲਾ ਗਿਆ ਪਰੰਤੂ ਮੁਰਸ਼ਦ ਦੇ ਵਿਯੋਗ ਵਿਚ ਉਸ ਨੂੰ ਕੁਝ ਵੀ ਚੰਗਾ ਨਹੀਂ ਸੀ ਲੱਗ ਰਿਹਾ।

ਬੁੱਲ੍ਹੇ ਸ਼ਾਹ ਆਪਣੇ ਮੁਰਸ਼ਦ ਦੇ ਵਿਛੋੜੇ ਦੀ ਅੱਗ ਵਿਚ ਝੁਲਸ ਰਿਹਾ ਸੀ। ਕਿਉਂਕਿ ਬੁੱਲ੍ਹਾ ਉਹ ਆਸ਼ਿਕ ਸੀ ਜੋ ਆਪਣੇ ਮਾਸ਼ੂਕ ਵਿਚ ਅਭੇਦ ਹੋ ਚੁੱਕਾ ਸੀ।

ਉਸਨੂੰ ਸਮਾਜ ਦੀ ਕੋਈ ਪ੍ਰਵਾਹ ਨਹੀਂ ਸੀ। "ਕਿਉਂਕਿ ਜਦੋਂ ਸੱਚਾ ਇਸ਼ਕ ਸਿਖਰ ਤੇ ਹੁੰਦਾ ਹੈ ਤਾਂ ਆਸ਼ਕ ਨੂੰ ਇਸ਼ਕ ਤੋਂ ਸਵਾਏ ਹੋਰ ਕੁਝ ਵੀ ਨਜ਼ਰੀਂ ਨਹੀਂ ਪੈਂਦਾ। ਇਸ਼ਕ ਅਤੇ ਭਗਤੀ ਦੀ ਮਾਨਸਿਕ ਅਵਸਥਾ ਵਿਚ ਕੋਈ ਫ਼ਰਕ ਨਹੀਂ ਹੁੰਦਾ। ਦੋਹਾਂ ਦਾ ਨਿਸ਼ਾਨਾ ਆਤਮਾ ਦਾ ਮਿਲਾਪ ਹੀ ਹੁੰਦਾ ਹੈ।

ਬੁੱਲ੍ਹੇ ਸ਼ਾਹ ਨੇ ਆਪਣੇ ਪੀਰ ਇਨਾਇਤ ਸ਼ਾਹ ਨੂੰ ਮਨਾਉਣ ਲਈ ਕੋਠੇ ਨੇ ਮੁਜ਼ਰਾ ਕਰਨ ਵਾਲੀ ਬਾਈ ਤੋਂ ਗਾਇਨ ਅਤੇ ਸਾਰੰਗੀ ਦੀ ਸਿੱਖਿਆ ਲਈ। ਇਸ਼ਕ ਵਿਚ ਮਤਵਾਲੇ ਹੋਏ ਬੁੱਲ੍ਹੇ ਸ਼ਾਹ ਨੇ ਇਸਤਰੀ ਭੇਸ ਧਾਰਿਆ ਅਤੇ ਕੰਜਰੀ ਬਣ ਕੇ ਨਚਿਆ। ਬੁੱਲ੍ਹੇ ਦਾ ਦਿਲ, ਦਿਮਾਗ, ਇਸ਼ਕ ਨਾਲ ਭਰ ਗਏ ਅਤੇ ਇਸੇ ਦੋਰਾਨ ਉਹਨਾਂ ਨੇ ਸੰਗੀਤਮਈ ਸਵਰਾਂ ਦੀ ਲੈ ਤੇ ਕਾਵਿ ਰਚਨਾ ਕੀਤੀ।

"ਕੰਜਰੀ ਬਣਿਆ ਮੇਰੀ ਇੱਜ਼ਤ ਨਾ ਘਟਦੀ
ਮੈਨੂੰ ਨਚ ਕੇ ਯਾਰ ਮਨਾਵਣ ਦੇ"

– "ਬਹੁੜੀਂ-ਬਹੁੜੀਂ ਵੇ ਤਬੀਬਾ, ਮੇਰੀ ਜਿੰਦ ਗਈਆ
ਤੇਰੇ ਇਸ਼ਕ ਨਚਾਇਆ ਕਰ ਕੇ ਥਈਆ-ਥਈਆ
ਤੇਰੇ ਇਸ਼ਕ ਨੇ ਡੇਰਾ ਮੇਰੇ ਅੰਦਰ ਕੀਤਾ,
ਭਰ ਕੇ ਜ਼ਹਿਰ ਪਿਆਲਾ ਮੈਂ ਤਾ ਆਪੇ ਪੀਤਾ"

ਮਸਤੀ ਵਿਚ ਨੱਚਣਾ ਦਰਵੇਸ਼ਾਂ ਦੇ ਧਾਰਮਿਕ ਜੀਵਨ ਦਾ ਵੈਸ਼ਣਵਾ ਵਾਂਗ ਇੱਕ ਜ਼ਰੂਰੀ ਅੰਗ ਸੀ। ਬੁੱਲ੍ਹੇ ਸ਼ਾਹ ਤਾਂ ਆਪਣੇ ਮੁਰਸ਼ਦ ਦੇ ਵਿਛੋੜੇ ਵਿਚ ਨੱਚ-ਨੱਚ ਕੇ ਬੇਹਾਲ ਹੋ ਜਾਂਦਾ ਸੀ। ਬੁੱਲ੍ਹੇ ਸ਼ਾਹ ਸੂਫ਼ੀ ਦਰਵੇਸ ਦੇ ਨਾਲ-ਨਾਲ ਸਾਹਿਤ ਅਤੇ ਸੰਗੀਤ ਦੇ ਵੀ ਗਿਆਤਾ ਸਨ। ਉਹਨਾਂ ਨੇ ਆਪਣੀਆਂ ਅਧਿਆਤਮਿਕ ਰਚਨਾਵਾਂ ਨੂੰ ਵਿਭਿੰਨ ਸੰਗੀਤਕ ਸ਼ੈਲੀਆਂ ਵਿਚ ਕਲਮਬੱਧ ਕੀਤਾ। ਬੁੱਲ੍ਹੇ ਸ਼ਾਹ ਨੇ ਦੋਹੜੇ, ਗੰਢਾਂ, ਸੀਹਰਫ਼ੀਆਂ, ਅੱਠਵਾਰਾ, ਕਾਫ਼ੀਆ ਆਦਿ ਸ਼ੈਲੀਆਂ ਦੇ ਅੰਤਰਗਤ ਰਚਨਾਵਾਂ ਕੀਤੀਆਂ। ਕਾਫ਼ੀ ਕਾਵਿ ਰਚਨਾ ਨੇ ਸਭ ਤੋਂ ਵੱਧ ਪ੍ਰਮੁੱਖਤਾ ਹਾਸਿਲ ਕੀਤੀ "ਸੂਫ਼ੀ ਸਾਹਿਤ ਦੀ ਰਾਜ ਕੁਮਾਰੀ ਕਾਫ਼ੀ ਜਿਸਦੀ ਧੁਨੀ ਨਾਲ ਸੂਫ਼ੀ ਦਰਵੇਸ਼ਾਂ ਦੇ ਤਕੀਏ ਗੂੰਜ ਉੱਠੇ। ਲੋਕ ਨੱਚ ਉੱਠੇ।"[1]

ਕਾਫ਼ੀ ਗਾਇਨ ਸ਼ੈਲੀ ਸੂਫ਼ੀ ਫ਼ਕੀਰਾਂ ਦੀ ਮਜਲਸ ਦੀ ਜੰਮਪਲ ਹੈ। ਕਾਫ਼ੀ ਰਚਨਾ ਸੰਗੀਤਕ ਅਤੇ ਰਾਗਾਤਮਕ ਕਾਵਿ ਰੂਪ ਹੈ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਸੰਗੀਤਕ ਸ਼ਬਦਾਂ ਦਾ ਵਰਨਣ ਬੁੱਲ੍ਹੇ ਸ਼ਾਹ ਦੀ ਸੰਗੀਤਕ ਸੋਝੀ ਅਤੇ ਸੰਗੀਤ ਨਾਲ ਲਗਾਵ ਨੂੰ ਪ੍ਰਗਟਾਉਂਦਾ ਹੈ। ਬਾਬਾ ਬੁੱਲ੍ਹੇ ਸ਼ਾਹ ਨੇ ਪ੍ਰੇਮਾ-ਭਗਤੀ ਦਾ ਸਿਧਾਂਤ ਹਰ ਕਾਵਿ ਰੂਪ ਵਿਚ ਵਰਤਿਆ ਹੈ, ਪਰ ਜਿਹੜਾ ਆਨੰਦ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਆਉਂਦਾ ਹੈ। ਉਹ ਬਿਆਨ ਤੋਂ ਪਰੇ ਦੀ ਚੀਜ਼ ਹੈ। ਜਦੋਂ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਇਕ ਵਚਿੱਤਰ ਸਰੋਦੀ ਅਵਸਥਾ ਤਾਰੀ ਹੋ ਜਾਂਦੀ ਹੈ। ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਸਾਹਿਤ ਦੀ ਉੱਚ ਅਧਿਆਤਮਿਕ ਸ਼ੈਲੀ ਅਤੇ ਸੰਗੀਤ ਦਾ ਸੁਮੇਲ ਹੈ। ਬਾਬਾ ਬੁੱਲ੍ਹੇ ਸ਼ਾਹ ਦੇ ਉਰਸ ਤੇ ਉਹਨਾਂ ਨੂੰ ਸਰਧਾਂਜਲੀ ਵਜੋਂ ਹਿੰਦੂ ਅਤੇ ਮੁਸਲਮਾਨ ਲੋਕ ਉਹਨਾਂ ਦੀ ਮਜ਼ਾਰ ਤੇ ਨਤਮਸਤਕ ਹੁੰਦੇ ਹਨ।

---

[1] ਸੀਤਲ, ਜੀਤ ਸਿੰਘ (ਡਾ.), ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ, ਪੰਨਾ 38.

"ਸਖੀ ਮੁਹੰਮਦ ਦਰਵੇਸ ਦਾ ਮਜ਼ਾਰ ਹੁਣ ਵੀ ਪਾਂਡੋਕੇ ਵਿਚ ਵਿਦਮਾਨ ਹੈ। ਜਿੱਥੇ ਹਰ ਸਾਲ ਬੁੱਲ੍ਹੇ ਸ਼ਾਹ ਦੇ ਵਸਾਲ ਵਾਲੇ ਦਿਨ ਉਰਸ ਲਗਦਾ ਹੈ। ਦੂਰੋਂ-ਦੂਰੋਂ ਤਵਾਇਫ਼ ਤੇ ਕਵਾਲ ਆਉਂਦੇ ਅਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾਕੇ ਰੰਗ ਬੰਨ੍ਹ ਦਿੰਦੇ ਹਨ।"[1]

ਮੱਧਕਾਲੀ ਸੰਤਾਂ ਅਤੇ ਸੂਫ਼ੀਆਂ ਦਾ ਸੰਗੀਤਿਕ ਕਾਵਿ ਮੱਧਕਾਲ ਦੀ ਇਕ ਇਤਿਹਾਸਿਕ ਅਤੇ ਸਾਹਿਤਕ ਵਿਰਾਸਤ ਹੈ। ਇਨ੍ਹਾਂ ਸੂਫ਼ੀਆਂ ਅਤੇ ਸੰਤਾਂ ਨੇ ਸੰਗੀਤਕ ਕਾਵਿ ਰਾਹੀਂ ਆਪਣੇ ਅਧਿਆਤਮਿਕ ਭਾਵਾਂ ਦੀ ਅਭਿਵਿਅਕਤੀ ਕੀਤੀ। ਸੂਫ਼ੀਆਂ ਅਤੇ ਸੰਤਾਂ ਨੇ ਅਧਿਆਤਮਿਕ ਪਰੰਪਰਾਵਾਂ ਨੂੰ ਸੰਕੀਰਨ ਅਤੇ ਸੰਪਰਦਾਇਕ ਨਜ਼ਰੀਏ ਤੋਂ ਉੱਪਰ ਚੁੱਕ ਕੇ ਰੂਹਾਨੀ ਮੰਜ਼ਿਲ ਤਕ ਪਹੁੰਚ ਕੀਤੀ। ਇਸੇ ਲਈ ਹੀ ਭਗਤੀ ਅੰਦੋਲਨ ਦੇ ਸੂਫ਼ੀ ਸੰਤਾਂ ਨੇ ਹਰੇਕ ਧਰਮ ਦੀਆਂ ਜ਼ਾਹਰੀ ਰਸਮਾਂ ਦਾ ਖੰਡਨ ਕਰਦੇ ਹੋਏ ਰੂਹਾਨੀਅਤ ਅਨੁਭੂਤੀ ਲਈ ਸੁਲਾਕੁਲ ਸਿਧਾਂਤ ਨੂੰ ਆਪਣੇ ਸੰਗੀਤਕ ਕਾਵਿ ਰਾਹੀਂ ਉਜਾਗਰ ਕੀਤਾ।

[1] ਪੰਜਾਬੀ ਦੁਨੀਆਂ, ਜਨਵਰੀ-ਫਰਵਰੀ, 1962, ਪੰਨਾ 10.